GURDWARA SRI GURU SINGH SABHA SOUTHALL

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

# ਜਨਰਲ ਬਾਡੀ ਮੀਟਿੰਗ ਰਿਪੋਰਟ

ਸਤੰਬਰ 2024

# SGSSS

# GENERAL BODY MEETING REPORT

September 2024



SHOWCASING THE LAUNCH OF THE NEW SIKH SACRED MUSIC EXAM

# ਵੇਰਵਾ

# CONTENTS


| | | |
|---|---|---|
| 1 | ਪ੍ਰਧਾਨ ਦਾ ਸਵਾਗਤੀ ਨੋਟ | President Welcome |
| 2 | ਜ਼ਿਕਰਯੋਗ ਪ੍ਰਾਪਤੀਆਂ | Noteable Achievements |
| 3 | ਇਸ ਸਮੇਂ ਦੇ ਕੁਝ ਅੰਕੜੇ | Statistics for the Period |
| 4 | ਜਨਰਲ ਸਕੱਤਰ ਵਲੋਂ ਦੋ ਸ਼ਬਦ | General Secretary Report |
| 5 | ਆਤਮਿਕ ਉੱਨਤੀ | Spiritual Upliftment |
| 6 | ਸੰਸਥਾ ਦੀ ਇਮਾਰਤੀ ਸਾਂਭ-ਸੰਭਾਲ | Institution Building |
| 7 | ਸਿੱਖਿਆ ਅਤੇ ਅਗਵਾਈ | Education and Leadership |
| 8 | ਭਾਈਚਾਰਕ ਸ਼ਮੂਲੀਅਤ | Community Engagement |
| 9 | ਸਾਡੇ ਸਹਿਯੋਗੀ | Partners |
| 10 | ਸਿਹਤ ਅਤੇ ਤੰਦਰੁਸਤੀ | Health and Wellbeing |
| 11 | ਹੋਰ ਸੰਸਥਾਵਾਂ | Affiliates |
| 12 | ਇਮਾਰਤਾਂ ਦੇ ਦੇਖ-ਰੇਖ | Facilities |
| 13 | ਓਪਰੇਸ਼ਨਸ | Operations |
| 14 | ਕਾਨੂੰਨੀ | Legal |
| 15 | ਆਈ.ਟੀ. ਅਤੇ ਮੀਡੀਆ | IT and Media |
| 16 | ਖਜ਼ਾਨਚੀ | Treasury |

# ਪ੍ਰਧਾਨ ਦਾ ਸਵਾਗਤੀ ਨੋਟ

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਅਸੀਂ ਹਮੇਸ਼ਾ ਆਪਣੇ ਧਰਮ ਤੋਂ ਅਗਵਾਈ ਲੈ ਕੇ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿਚ ਸੇਵਾ ਦੇ ਕਾਰਜ ਅਤੇ ਫੈਸਲੇ ਕਰਦੇ ਹਾਂ। ਅਸੀਂ ਆਪਣੇ ਸਾਰੇ ਕਾਰਜਾਂ ਵਿਚ ਸਪੱਸ਼ਟਤਾ ਅਤੇ ਪਾਰਦਰਸ਼ਤਾ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਾਂ।
ਸਾਲਾਨਾ ਜਨਰਲ ਮੀਟਿੰਗ (ਏ.ਜੀ.ਐਮ.) ਇਕ ਸਾਂਝਾ ਪਲੇਟਫਾਰਮ ਹੈ ਜਿੱਥੇ ਸਾਰੇ ਮੈਂਬਰ ਆਪਸ ਵਿਚ ਖੁੱਲ੍ਹੇ ਮਨ ਦੇ ਨਾਲ ਆਪਣੇ ਚੰਗੇ ਵਿਚਾਰ ਸਾਂਝੇ ਕਰ ਸਕਦੇ ਹਨ ਅਤੇ ਸੰਗਤ ਦੀ ਵਧੇਰੇ ਤਨਦੇਹੀ ਦੇ ਨਾਲ ਸੇਵਾ ਕਰਨ ਵਾਸਤੇ ਸੰਸਥਾ ਨੂੰ ਹੋਰ ਵੀ ਚੰਗੇ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਲਈ ਆਪਣੇ ਸੁਝਾਅ ਦੇ ਸਕਦੇ ਹਨ।

ਅਕਤੂਬਰ 2022 ਵਿਚ ਪੰਥਕ ਗਰੁੱਪ ਨੂੰ ਸੇਵਾ ਮਿਲਣ ਤੋਂ ਬਾਅਦ ਇਹ ਚੌਥੀ ਜਨਰਲ ਬਾਡੀ ਮੀਟਿੰਗ ਹੈ। ਸਾਡੀ ਟੀਮ ਸੇਵਾ ਦੇ ਕਾਰਜਾਂ ਵਿਚ ਸੰਗਤ ਅੱਗੇ ਆਪਣੀ ਜਵਾਬਦੇਹੀ ਅਤੇ ਸ਼ਮੂਲੀਅਤ ਦੇ ਉੱਚੇ ਸਟੈਂਡਰਡ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ। ਅਸੀਂ ਸਿੰਘ ਸਭਾ ਸਾਊਥਾਲ ਦੇ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਹਾਂ ਤਾਂ ਜੋ ਸਾਡੀਆਂ ਧਾਰਮਿਕ ਕਦਰਾਂ-ਕੀਮਤਾਂ ਤੇ ਸਿੱਖੀ ਵਿਰਸੇ ਨੂੰ ਸਮਰਪਿਤ ਇਹ ਸੰਸਥਾ ਹੋਰ ਵੀ ਜ਼ਿਆਦਾ ਜ਼ਿੰਮੇਵਾਰੀ ਅਤੇ ਸਰਗਰਮੀ ਦੇ ਨਾਲ ਸੇਵਾ ਕਰ ਸਕੇ।

ਪਿਛਲੇ ਸਾਲ ਵਿਚ ਅਸੀਂ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਅਤੇ ਪਾਰਕ ਐਵੇਨਿਊ ਦੇ ਨਵੀਨੀਕਰਨ, ਸਿੱਖਿਆ ਅਤੇ ਧਰਮ ਪ੍ਰਚਾਰ ਦੇ ਪ੍ਰਭਾਵਸ਼ਾਲੀ ਕਾਰਜ ਕੀਤੇ ਹਨ। ਸਾਡੇ ਮੈਂਬਰਾਂ ਦਾ ਸਹਿਯੋਗ ਕਰਨ ਲਈ ਅਸੀਂ ਤੁਹਾਡੇ ਸਭ ਦੇ ਧੰਨਵਾਦੀ ਹਾਂ ਅਤੇ ਅਸੀਂ ਚੰਗੇ ਤੇ ਸਫਲ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਸਮਰਪਣ ਭਾਵਨਾ ਵਾਲੇ 'ਹੋਲਡਿੰਗ ਟਰੱਸਟੀ' ਵੀ ਨਿਯੁਕਤ ਕੀਤੇ ਹਨ।

ਸਿੰਘ ਸਭਾ ਦੇ ਕਾਰਜਾਂ ਅਤੇ ਸੇਵਾਵਾਂ ਵਿਚ ਅਣਥੱਕ ਯੋਗਦਾਨ ਪਾਉਣ ਵਾਲੇ ਸਮੂਹ ਸੇਵਾਦਾਰਾਂ, ਸਟਾਫ਼ ਅਤੇ ਸੰਗਤਾਂ ਦੇ ਅਸੀਂ ਤਹਿ ਦਿਲੋਂ ਧੰਨਵਾਦੀ ਹਾਂ। ਗੁਰੂ ਸਾਹਿਬਾਨ ਦੀ ਬਖਸ਼ਿਸ਼ ਹਮੇਸ਼ਾ ਸਾਨੂੰ ਨਵੇਂ-ਨਰੋਏ ਉਤਸ਼ਾਹ ਅਤੇ ਜ਼ਿੰਮੇਵਾਰੀ ਦੇ ਨਾਲ ਸੇਵਾ ਕਰਨ ਦੀ ਪ੍ਰੇਰਨਾ ਦਿੰਦੀ ਹੈ।

# PRESIDENT WELCOME

At Sri Guru Singh Sabha Southall, our foundation is firmly anchored in Dharam, with all our decisions and actions deeply inspired by Gurmat teachings. We are dedicated to ensuring transparency and openness in all we do. The General Body Meeting is a vital platform where members can engage in meaningful discussions, sharing ideas to enhance the Sabha's work and better support our community and Sangat.

This year marks the fourth General Body Meeting since the Panthic Group Sevadars were elected in October 2022. Our team remains committed to upholding the highest standards of accountability and inclusivity. We are excited to collaborate with all Sabha members to create a more dynamic, responsive, and effective organisation that truly reflects the values of our rich heritage.

Over the past year, we have embarked on several important initiatives, focusing on education, Dharam Parchar, and the renovation of the Guru Nanak Road and Park Avenue Gurdwaras. Thanks to the support of our members, we have also successfully appointed dedicated holding trustees to ensure strong governance.

We are deeply grateful to all the Sevadars, staff, and Sangat who contribute tirelessly to the work of Singh Sabha. With Guru Sahib's blessings, we are inspired to continue serving with renewed energy and commitment.



# ਜ਼ਿਕਰਯੋਗ ਪ੍ਰਾਪਤੀਆਂ

- ਨਵੀਨੀਕਰਨ: ਸੰਗਤ ਲਈ ਵਧੀਆ ਤੇ ਰੂਹਾਨੀ ਵਾਤਾਵਰਨ ਦੀ ਸਿਰਜਣਾ ਦੇ ਲਈ ਨਵੇਂ ਸਾਊਂਡ ਸਿਸਟਮ, ਬੈਠਣ ਦੇ ਵਧੀਆ ਤੇ ਵੱਡੇ ਪ੍ਰਬੰਧਾਂ ਅਤੇ ਰਿਪੇਅਰ ਦੇ ਕਾਰਜ ਮੁਕੰਮਲ ਕੀਤੇ। ਜ਼ਿਆਦਾ ਜਾਣਕਾਰੀ ਲਈ, standalone Refurb newsletter ਵੇਖੋ।

- ਆਕਸਫੋਰਡ ਯੂਨੀਵਰਸਿਟੀ ਵਿਖੇ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਦੀ ਸ਼ੁਰੂਆਤ: ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਸੰਸਾਰ ਵਿਚ ਪ੍ਰਚਾਰ-ਪ੍ਰਸਾਰ ਲਈ ਨਿਵੇਕਲੇ ਕਦਮ ਪੁੱਟਦਿਆਂ ਆਕਸਫੋਰਡ ਯੂਨੀਵਰਸਿਟੀ ਵਿਚ ਪੰਜਾਬ ਅਤੇ ਸਿੱਖ ਧਰਮ ਨਾਲ ਸਬੰਧਿਤ ਇਤਿਹਾਸਕ ਖੋਜ ਕਾਰਜਾਂ ਵਾਸਤੇ, ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਦੀ ਸ਼ੁਰੂਆਤ ਕਰਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

- ਗੁਰਮਤਿ ਸੰਗੀਤ ਪ੍ਰੀਖਿਆ: ਗੁਰਮਤਿ ਸੰਗੀਤ ਦੀ ਇਕ ਇੰਟਰਨੈਸ਼ਨਲ ਪੱਧਰ ਦੀ ਪ੍ਰੀਖਿਆ ਦੀ ਸ਼ੁਰੂਆਤ ਕੀਤੀ ਗਈ। ਵਿਦਿਆਰਥੀਆਂ ਵਿਚ ਇਸ ਪ੍ਰੀਖਿਆ ਲਈ ਰੁਚੀ ਵਧਾਉਣ ਵਾਸਤੇ UCAS ਪੁਆਇੰਟਸ ਦੇ ਨਾਲ ਸਿਲੇਬਸ ਤਿਆਰ ਕੀਤਾ ਗਿਆ ਹੈ।

- ਪਾਰਲੀਮੈਂਟ ਵਿਚ ਵਿਸਾਖੀ ਸਮਾਗਮ ਕਰਵਾਇਆ: ਯੂ.ਕੇ. ਦੀ ਪਾਰਲੀਮੈਂਟ ਵਿਚ ਵਿਸਾਖੀ ਦੇ ਦਿਹਾੜੇ 'ਤੇ ਖ਼ਾਲਸਾ ਸਾਜਨਾ ਦਿਵਸ ਨਾਲ ਸਬੰਧਿਤ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਜਿੱਥੇ ਸਿੱਖ ਧਰਮ ਦੀ ਸਰਬੱਤ ਦੇ ਭਲੇ ਵਾਲੀ ਵਿਚਾਰਧਾਰਾ ਬਾਰੇ ਚਾਨਣਾ ਪਾਇਆ ਗਿਆ, ਉੱਥੇ ਹੀ ਯੂ.ਕੇ. ਵਿਚ ਸਿੱਖਾਂ ਦੀ ਨੁਮਾਇੰਦਗੀ ਵਿਚ ਸ੍ਰੀ ਗੁਰੂ ਸਿੰਘ ਸਭਾ ਦੀ ਭੂਮਿਕਾ ਬਾਰੇ ਵੀ ਚੰਗੇ ਤਰੀਕੇ ਨਾਲ ਜਾਣਕਾਰੀ ਦਿੱਤੀ ਗਈ।

- ਸਿੱਖ ਇਤਿਹਾਸਿਕ ਸ਼ਖਸੀਅਤਾਂ ਦਾ ਸਨਮਾਨ ਅਤੇ ਪੰਥਕ ਸੈਮੀਨਾਰ: ਸਰਦਾਰ ਹਰੀ ਸਿੰਘ ਨਲਵਾ ਅਤੇ ਭਾਈ ਮਹਾਰਾਜ ਸਿੰਘ ਵਰਗੇ ਮਹਾਨ ਸਿੱਖ ਜਰਨੈਲਾਂ ਦੇ ਜੀਵਨ ਦੀ ਅੱਜ ਦੇ ਸਮੇਂ ਵਿਚ ਪ੍ਰਸੰਗਿਕਤਾ ਅਤੇ ਇਤਿਹਾਸਕ ਪ੍ਰਾਪਤੀਆਂ ਬਾਰੇ ਵਿਦਿਅਕ ਸੈਮੀਨਾਰ ਕਰਵਾਏ ਗਏ।

# NOTEABLE ACHIEVEMENTS

- **Refurbishments:** Completed extensive renovations, including new sound systems, improved seating, and enhanced accessibility, ensuring a welcoming environment for the Sangat. For more detailed information, refer to the standalone Refurb newsletter.

- **Launched Guru Nanak Junior Research Fellowship at Oxford University:** Established a pioneering academic position dedicated to Sikh studies, promoting research on Punjab's culture and history with a focus on Guru Nanak's teachings.

- **Introduced the Sikh Sacred Music Exam:** Implemented an internationally accredited exam for Sikh sacred music, offering a structured curriculum with UCAS points, enhancing both educational and spiritual opportunities for students.

- **Organised Vaisakhi Celebration at Parliament:** Successfully hosted a significant event at the UK Parliament, highlighting Sikh contributions and strengthening the Sabha's role as a leading voice for Sikhs in the UK.

- **Held Panthic Seminars Honouring Sikh Historical Figures:** Conducted educational seminars on Sikh heroes like General Hari Singh Nalwa and Bhai Maharaj Singh, exploring their historical impact and relevance today.

- **"ਰਣਜੀਤ ਸਿੰਘ: Sikh Warrior King" ਪ੍ਰਦਰਸ਼ਨੀ ਦਾ ਸਮਰਥਨ:** ਦਿ ਵੈਲੇਸ ਕੁਲੈਕਸ਼ਨ ਵਿਖੇ ਇਸ ਇਤਿਹਾਸਕ ਪ੍ਰਦਰਸ਼ਨੀ ਦੀ ਸਫਲਤਾ ਲਈ 10,000 ਪੌਂਡ ਡੋਨੇਟ ਕੀਤੇ ਅਤੇ ਸਿੱਖ ਇਤਿਹਾਸ ਨਾਲ ਜੁੜਨ ਲਈ ਸੰਗਤ ਵਾਸਤੇ ਵਿਸ਼ੇਸ਼ ਯਾਤਰਾ ਦਾ ਪ੍ਰਬੰਧ ਕੀਤਾ।

- **ਸਾਊਥਾਲ ਸਮਰ ਕੈਂਪ ਦੀ ਸਫਲਤਾ:** ਆਪਸੀ ਭਾਵਨਾਤਮਕ ਸਾਂਝ ਨੂੰ ਵਧਾਉਣ, ਮਨੋਰੰਜਨ ਅਤੇ ਇਕ-ਦੂਜੇ ਤੋਂ ਚੰਗੀਆਂ ਗੱਲਾਂ ਸਿੱਖਣ ਦੇ ਉਦੇਸ਼ ਨਾਲ ਇਕ ਸਫਲ ਸਮਰ ਕੈਂਪ ਲਗਾਇਆ ਗਿਆ, ਜਿਸ ਵਿਚ 220 ਜਣਿਆਂ ਨੇ ਹਿੱਸਾ ਲਿਆ।

- **ਹਰਿਆਵਲੀ ਗਾਰਡਨ ਵਰਕਸ਼ਾਪਾਂ ਦਾ ਵਿਸਥਾਰ:** ਕੁਦਰਤ ਦੀ ਵੰਨ-ਸੁਵੰਨੀ ਪ੍ਰਕਿਰਤਕ ਸਿਰਜਣਾ ਨਾਲ ਪਿਆਰ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਾਸਤੇ ਬਾਗਬਾਨੀ ਦੀਆਂ ਨਵੀਆਂ ਵਰਕਸ਼ਾਪਾਂ ਦੀ ਸ਼ੁਰੂਆਤ ਅਤੇ ਫਸਲੀ ਵੰਨ-ਸੁਵੰਨਤਾ ਦਾ ਵਿਸਤਾਰ ਕੀਤਾ ਗਿਆ।

- **ਮਜ਼ਬੂਤ ਸੁਰੱਖਿਆ ਅਭਿਆਸ:** ਵਿਆਪਕ ਸੁਰੱਖਿਆ ਨੀਤੀਆਂ ਬਣਾਈਆਂ ਗਈਆਂ, ਕਈ ਆਡਿਟ ਕਰਵਾਏ ਅਤੇ ਸਾਰੇ ਕਮਿਊਨਿਟੀ ਮੈਂਬਰਾਂ ਲਈ ਇਕ ਸੁਰੱਖਿਅਤ ਮਾਹੌਲ ਬਣਾਉਣ ਲਈ ਟਰੇਨਿੰਗ ਕਰਵਾਈ ਗਈ।

- **Supported the "Ranjit Singh: Sikh Warrior King" Exhibition: Supported** the landmark exhibition at The Wallace Collection, and arranged special visits for the Sangat to engage with Sikh history.

- **Successfully Ran Southall Summer Camp:** Organised a successful summer camp with over 220 participants, focusing on emotional regulation and fun, interactive learning experiences.

- **Expanded Hariavali Gardens Workshops:** Continued commitment to community engagement through sustainable gardening practices, introducing new workshops and expanding crop diversity.

- **Strengthened Safeguarding Practices:** Developed comprehensive safeguarding policies, conducted multiple audits, and enhanced training to ensure a safe environment for all community members.

# ਇਸ ਸਮੇਂ ਦੇ ਕੁਝ ਅੰਕੜੇ

# STATISTICS FOR THE PERIOD

## 1

ਯਾਤਰੂ- ਦੋਵਾਂ ਗੁਰੂ-ਘਰਾਂ ਵਿਚ ਹਰ ਰੋਜ਼ 4800 ਦੀ ਗਿਣਤੀ ਵਿਚ ਸੰਗਤ ਦਰਸ਼ਨ ਕਰਨ ਆਉਂਦੀ ਹੈ ਅਤੇ ਇਹ 13% ਦਾ ਵਾਧਾ ਹੈ।

**Visitors: Both Gurdwareh have c.4,800 Sangat visits per day, up 13% year-on year.**

## 2

ਸੋਸ਼ਲ ਮੀਡੀਆ- ਯੂ-ਟਿਊਬ ਚੈਨਲ ਦੇ 9.65 ਹਜ਼ਾਰ ਸਬਸਕਰਾਈਬਰ ਹੋ ਚੁੱਕੇ ਹਨ, ਜੋ ਫਰਵਰੀ 2024 ਨਾਲੋਂ 20% ਵੱਧ ਹਨ। ਇੰਸਟਾਗਰਾਮ 'ਤੇ 15.4 ਹਜ਼ਾਰ ਲੋਕ ਜੁੜੇ ਹਨ, ਜੋ ਫਰਵਰੀ 2024 ਨਾਲੋਂ 18% ਵੱਧ ਹਨ। ਗੁਰੂ-ਘਰ ਤੋਂ ਸ਼ਾਮ ਦੇ ਦੀਵਾਨ ਦੀ ਕਥਾ ਪੀ.ਬੀ.ਸੀ. ਚੈਨਲ ਸਕਾਈ 775 'ਤੇ ਹਰ ਰੋਜ਼ ਸ਼ਾਮ 6 ਤੋਂ 7 ਵਜੇ ਤੱਕ ਲਾਈਵ ਹੁੰਦੀ ਹੈ।

**Socials: 9.65k YouTube channel subscribers, up 20% Feb 2024. 15.4k Instagram followers, up 18% since Feb 2024. A newly launched live Gurdwara Katha now available live daily 6pm to 7pm on PBC, SKY 775.**

## 3

ਖ਼ਬਰਾਂ- ਵਟਸਐਪ ਗਰੁੱਪ ਰਾਹੀਂ ਸਾਡੇ ਨਾਲ 4000 ਤੋਂ ਵੱਧ ਮੈਂਬਰ ਜੁੜ ਚੁੱਕੇ ਹਨ ਅਤੇ 4000 ਹੋਰਾਂ ਨੇ ਹਫ਼ਤਾਵਾਰੀ ਨਿਊਜ਼ਲੈਟਰ ਲਈ ਸਾਈਨ ਅੱਪ ਕੀਤਾ ਹੈ।

**News: Sangat reach of over 4000 members through the WhatsApp group and 4000 signed up to the weekly newsletter.**

## 4

ਫੀਡਬੈਕ- ਗੂਗਲ ਰੇਟਿੰਗ ਤੇ 5.4 ਹਜ਼ਾਰ ਰੀਵਿਊ ਹਾਸਲ ਹੋਏ ਹਨ, ਜਿਨ੍ਹਾਂ ਨਾਲ 5 ਵਿਚੋਂ 4.8 ਰੇਟਿੰਗ ਮਿਲੀ ਹੈ। ਜਿਸ ਵਿਚ 2000 ਰੀਵਿਊਜ਼ ਦਾ ਵਾਧਾ ਹੋਇਆ ਹੈ।

**Feedback: 5.4k reviews on Google rating the experience 4.8/5, which has increased by 2000 reviews and has remained a 4.8 rating year-on year.**

## 5

ਲੰਗਰ: ਸਭਾ ਦੇ ਸਾਰੇ ਸਥਾਨਾਂ 'ਤੇ ਰੋਜ਼ਾਨਾ ਲੰਗਰ ਤਿਆਰ ਹੁੰਦਾ ਹੈ, ਜਿਸ ਵਿਚ ਅੰਦਾਜਨ 600kg ਕਿਲੋ ਤੋਂ ਵੱਧ ਇਕੱਲਾ ਆਟਾ ਹੀ ਵਰਤਿਆ ਜਾਂਦਾ ਹੈ।

**Langar: Over 600kg of atta is served daily over the Sabha sites in parshadeh.**

# ਜਨਰਲ ਸਕੱਤਰ ਦੇ ਸ਼ਬਦ

ਪੱਛਮ ਦੇ ਪ੍ਰਮੁੱਖ ਗੁਰਦੁਆਰਾ ਸਾਹਿਬ ਅਤੇ ਉੱਘੀ ਸਿੱਖ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨੇ ਸੇਵਾ ਅਤੇ ਪ੍ਰਬੰਧਕੀ ਕਾਰਜਕਾਲ ਦਾ ਇਕ ਹੋਰ ਬੇਹੱਦ ਸਫਲਤਾਪੂਰਨ ਸਾਲ ਪੂਰਾ ਕਰ ਲਿਆ ਹੈ।

ਸਾਡੇ ਪ੍ਰਮੁੱਖ ਨੀਤੀਗਤ ਉਦੇਸ਼ ਹੇਠਾਂ ਲਿਖੇ ਹਨ, ਜਿਨ੍ਹਾਂ ਲਈ ਅਸੀਂ ਤਨੋਂ-ਮਨੋਂ ਤਤਪਰ ਹਾਂ:

- ਆਤਮਿਕ ਉੱਨਤੀ
- ਸਿੱਖਿਆ ਅਤੇ ਅਗਵਾਈ
- ਸਿਹਤ ਅਤੇ ਤੰਦਰੁਸਤੀ
- ਭਾਈਚਾਰਕ ਸ਼ਮੂਲੀਅਤ
- ਸੰਸਥਾ ਦੀ ਇਮਾਰਤੀ ਸਾਂਭ-ਸੰਭਾਲ

ਪਿਛਲੇ ਛੇ ਮਹੀਨਿਆਂ ਦੌਰਾਨ ਅਸੀਂ ਬਹੁਤ ਸਾਰੇ ਨਵੇਂ ਕਾਰਜਾਂ ਅਤੇ ਪਹਿਲਕਦਮੀਆਂ ਦੀ ਸ਼ੁਰੂਆਤ ਕਰਕੇ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਾਂ। ਇਨ੍ਹਾਂ ਵਿਚ 1984 ਦੇ ਘੱਲੂਘਾਰੇ ਨਾਲ ਸਬੰਧਿਤ ਲੜੀਵਾਰ ਇਤਿਹਾਸਕ ਲੈਕਚਰ ਅਤੇ ਪ੍ਰਦਰਸ਼ਨੀਆਂ, ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦਾ 40ਵਾਂ ਸ਼ਹੀਦੀ ਸਮਾਗਮ, ਵੱਖ-ਵੱਖ ਪੰਥਕ ਸੈਮੀਨਾਰ, ਆਕਸਫੋਰਡ ਯੂਨੀਵਰਸਿਟੀ ਵਿਚ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਦੀ ਸਥਾਪਨਾ, ਗੁਰਮਤਿ ਸੰਗੀਤ ਪ੍ਰੀਖਿਆਵਾਂ ਦੀ ਸ਼ੁਰੂਆਤ, ਪੰਜਾਬੀ ਕਾਨਫਰੰਸਾਂ ਦਾ ਸਮਰਥਨ ਅਤੇ ਸੰਯੁਕਤ ਰਾਸ਼ਟਰ ਤੇ ਪਾਰਲੀਮੈਂਟ ਵਿਚ ਸਰਗਰਮ ਸ਼ਮੂਲੀਅਤ। ਇਸ ਦੇ ਨਾਲ-ਨਾਲ ਧਾਰਮਿਕ, ਸਿੱਖ ਸੱਭਿਆਚਾਰਕ, ਭਾਈਚਾਰਕ ਸਮਾਗਮਾਂ ਅਤੇ ਜਨਰਲ ਚੋਣ ਇਜਲਾਸ ਦੀ ਸਫਲਤਾ ਨੇ ਸਾਡੇ ਭਵਿੱਖੀ ਮਿਸ਼ਨ ਨੂੰ ਹੋਰ ਮਜ਼ਬੂਤ ਕੀਤਾ ਹੈ।

ਸਭਾ ਦੀਆਂ ਪ੍ਰਭਾਵਸ਼ਾਲੀ ਪਹਿਲਕਦਮੀਆਂ, ਜਿਵੇਂ ਕਿ ਸਿਹਤ ਸਬੰਧੀ ਗੰਭੀਰ ਜਾਣਕਾਰੀਆਂ ਮੁਹੱਈਆ ਕਰਵਾਉਣ ਵਾਲੇ ਬਾਇਓਬੈਂਕ ਪ੍ਰੋਜੈਕਟ ਰਾਹੀਂ 45 ਹਜ਼ਾਰ ਲੋਕਾਂ ਨੂੰ ਜੋੜਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਹਰ ਦੂਜੇ ਮਹੀਨੇ ਅੰਮ੍ਰਿਤ ਸੰਚਾਰ ਕਰਵਾਉਣਾ, ਜੋੜਿਆਂ ਲਈ ਲਾਜ਼ਮੀ ਆਨੰਦ ਕਾਰਜ ਕੋਰਸ ਅਤੇ ਹਰਿਆਵਲੀ ਗਾਰਡਨ ਦੀ ਸਾਂਭ-ਸੰਭਾਲ ਵਰਗੇ ਨਿਰੰਤਰ ਕਾਰਜਾਂ ਰਾਹੀਂ ਸਭਾ ਧਰਮ ਪ੍ਰਚਾਰ ਅਤੇ ਕੁਦਰਤ ਪ੍ਰਤੀ ਆਪਣੀ ਜ਼ਿੰਮੇਵਾਰੀ ਤਨਦੇਹੀ ਦੇ ਨਾਲ ਨਿਭਾਅ ਰਹੀ ਹੈ।

# GENERAL SECRETARY REPORT

Sri Guru Singh Sabha Southall, the leading Gurdwara and Sikh institution in the West, has experienced a year filled with significant progress and community enrichment.

We continue to strive forward to achieve our strategic objectives of:

- Spiritual upliftment
- Education and leadership
- Health and wellbeing
- Community engagement
- Institution building

Over the past six months, we have been heartened by the launch of numerous new projects and initiatives. These include the 1984 lecture series and exhibitions, commemorating the 40th anniversary of the attack on Sri Darbar Sahib, various Panthic seminars, the establishment of the Guru Nanak Junior Research Fellowship at Oxford University, the introduction of sacred Sikh music exams, support for Punjabi conferences, and active engagement at the United Nations and Parliament. Our community events, such as the general election hustings, alongside the development of cultural and dharmic programs, have further strengthened our mission.

The Sabha's impactful initiatives, such as the Biobank project, have touched 45,000 lives, providing critical health insights. Furthermore, the Sabha's commitment to spiritual education is evident through the institution of Amrit Sanchaars every second month, and compulsory Anand Karaj courses for couples, alongside the continued nurturing of Hariavali Gardens, which serves as an educational hub for agricultural practices.

ਇਸੇ ਸਤੰਬਰ ਮਹੀਨੇ ਅਸੀਂ ਨੋਰਵੁੱਡ ਹਾਲ ਵਿਖੇ ਗੁਰਬਾਣੀ ਸੰਥਿਆ, ਪੰਜਾਬੀ ਕਲਾਸਾਂ, ਸਿੱਖ ਧਰਮ ਦੀ ਵਿਦਿਆ, ਗੁਰਮਤਿ ਸੰਗੀਤ, ਤੰਤੀ ਸਾਜ਼ਾਂ ਦੀ ਸਿੱਖਿਆ, ਤਬਲਾ ਅਤੇ ਹਾਰਮੋਨੀਅਮ ਦੀ ਸਿਖਲਾਈ ਦੇ ਕੇਂਦਰ ਵਜੋਂ ਭਾਈ ਗੁਰਦਾਸ ਵਿੱਦਿਆ ਅਕੈਡਮੀ ਦੀ ਸ਼ੁਰੂਆਤ ਕੀਤੀ। ਇਸ ਤੋਂ ਇਲਾਵਾ ਕੇਸ ਸੰਭਾਲ ਅਤੇ ਦਸਤਾਰ ਸਜਾਉਣ ਦੀਆਂ ਵਰਕਸ਼ਾਪਾਂ ਅਤੇ ਘਰੇਲੂ ਹਿੰਸਾ ਰੋਕਣ ਵਿਚ 'ਆਸਰਾ' ਸੰਸਥਾ ਨਾਲ ਭਾਈਵਾਲੀ ਨਾਲ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਸਿੱਖੀ ਵਿਰਸੇ ਨਾਲ ਜੋੜਨ ਅਤੇ ਸਮਾਜ ਪ੍ਰਤੀ ਆਪਣੇ ਫਰਜ਼ ਵੀ ਚੰਗੇ ਤਰੀਕੇ ਨਿਭਾਉਣ ਦੇ ਯਤਨ ਕਰ ਰਹੇ ਹਾਂ।

ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਅਤੇ ਪਾਰਕ ਐਵੇਨਿਊ ਦੀ ਸੇਵਾ-ਸੰਭਾਲ ਦੇ ਨਾਲ-ਨਾਲ ਇਮਾਰਤੀ ਢਾਂਚੇ ਵਿਚ ਵੀ ਮਹੱਤਵਪੂਰਨ ਸੁਧਾਰ ਕੀਤੇ ਗਏ ਹਨ। ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਵਿਖੇ ਬਾਹਰੀ ਕੰਮਕਾਜ ਮੁਕੰਮਲ ਹੋਣ ਦੇ ਨੇੜੇ ਹੈ। ਸੇਵਾ ਅਤੇ ਕਾਰਜਾਂ ਦੀ ਪ੍ਰਕਿਰਿਆ ਨੂੰ ਸਾਫ-ਸੁਥਰਾ ਅਤੇ ਸਪੱਸ਼ਟ ਰੱਖਣ ਲਈ ਅਸੀਂ ਸਮੇਂ-ਸਮੇਂ ਨੋਟਿਸ ਬੋਰਡਾਂ ਰਾਹੀਂ ਸੰਗਤ ਨੂੰ ਮਹੱਤਵਪੂਰਨ ਜਾਣਕਾਰੀ ਤੇ ਸੂਚਨਾ ਦਿੰਦੇ ਰਹਿੰਦੇ ਹਾਂ, ਜਿਵੇਂ ਕਿ ਵਿੱਤੀ ਸਟੇਟਮੈਂਟਾਂ, ਪੇਮੈਂਟਾਂ ਦੀ ਡਿਟੇਲ ਤੇ ਰਸੀਦਾਂ ਦਾ ਰਿਕਾਰਡ, ਕਮੇਟੀ ਦੀਆਂ ਮੀਟਿੰਗਾਂ ਸਬੰਧੀ ਜਾਣਕਾਰੀ ਅਤੇ ਕਾਰਜਕਾਰਨੀ ਕਮੇਟੀ ਦੀਆਂ ਮੀਟਿੰਗਾਂ ਦੇ ਅੱਪਡੇਟਸ ਹੁੰਦੇ ਹਨ।

ਅਸੀਂ ਪ੍ਰਬੰਧਕੀ ਖੇਤਰ ਵਿਚ ਵੀ ਅਗਾਂਹਵਧੂ ਕਾਰਜ ਕੀਤੇ ਹਨ, ਜਿਵੇਂ ਕਿ, ਸ਼ਿਕਾਇਤਾਂ, ਆਨੰਦ ਕਾਰਜ, ਸਹਿਯੋਗੀ, ਖਰੀਦ ਆਰਡਰ, GDPR ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਅੱਪਡੇਟ ਅਤੇ ਏਮਬੈੱਡ ਕੀਤਾ ਹੈ, ਇਸ ਸਬੰਧੀ ਸਾਰੇ ਵੇਰਵੇ www.sgsss.org/policies 'ਤੇ ਵੇਖੇ ਜਾ ਸਕਦੇ ਹਨ। ਇਸ ਸਾਲ ਫਰਵਰੀ ਮਹੀਨੇ ਚੈਰਿਟੀ ਕਮਿਸ਼ਨ ਵਲੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਅਸੀਂ ਸਭਾ ਦੇ ਸੰਵਿਧਾਨ ਵਿਚ ਜ਼ਰੂਰੀ ਸੋਧ ਕੀਤੀ ਅਤੇ ਨਵੇਂ 'ਹੋਲਡਿੰਗ ਟਰੱਸਟੀ' ਨਿਯੁਕਤ ਕੀਤੇ। ਇਨ੍ਹਾਂ ਤਬਦੀਲੀਆਂ ਦੇ ਨਾਲ ਸਾਡੇ ਪ੍ਰਬੰਧਕੀ ਤੌਰ-ਤਰੀਕਿਆਂ ਵਿਚ ਨਵਾਂਪਨ ਆਵੇਗਾ ਅਤੇ ਅਸੀਂ ਪੁਰਾਣੀਆਂ ਤਰੁੱਟੀਆਂ ਨੂੰ ਦੂਰ ਕਰ ਸਕਾਂਗੇ। ਅਸੀਂ ਆਪਣੇ ਮੈਂਬਰਾਂ ਨਾਲ ਸਲਾਹ-ਮਸ਼ਵਰਿਆਂ ਦੇ ਨਾਲ ਸਭਾ ਦੀ ਕਾਰਜਸ਼ੈਲੀ ਨੂੰ ਹੋਰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਾਂਗੇ।

ਗੁਰੂ ਨਾਨਕ ਰੋਡ ਇਲਾਕੇ ਦੇ ਆਲੇ-ਦੁਆਲੇ ਸਮਾਜ ਵਿਰੋਧੀ ਸਰਗਰਮੀਆਂ ਨੂੰ ਰੋਕਣ ਲਈ ਅਸੀਂ ਪਾਰਲੀਮੈਂਟ ਮੈਂਬਰਾਂ, ਪੁਲਿਸ, ਕੌਂਸਲ, ਸੇਵਾਦਾਰਾਂ ਅਤੇ ਸਥਾਨਕ ਸੰਗਤ ਦੇ ਸਹਿਯੋਗ ਨਾਲ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਾਰਿਆਂ ਦੇ ਭਰਵੇਂ ਸਹਿਯੋਗ ਨਾਲ ਇਹ ਮੁੱਦਾ ਪਾਰਲੀਮੈਂਟ ਵਿਚ ਚੁੱਕਿਆ ਗਿਆ ਅਤੇ ਸੁਰੱਖਿਆ ਲਈ ਇੱਥੇ ਵਾਧੂ ਪੁਲਿਸ ਲਗਾ ਦਿੱਤੀ ਗਈ ਹੈ।

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਯੂ.ਕੇ. ਦਾ ਇਕ ਪ੍ਰਮੁੱਖ ਗੁਰਦੁਆਰਾ ਸਾਹਿਬ ਹੈ, ਜੋ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਇੱਥੋਂ ਦੀ ਗੁਰੂ ਨਾਨਕ ਨਾਮ ਲੇਵਾ ਸੰਗਤ ਲਈ ਰੂਹਾਨੀ ਤਾਕਤ ਦਾ ਸੋਮਾ ਅਤੇ ਬਹੁਪੱਖੀ ਭਾਈਚਾਰਕ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਵੀ ਇਕ ਕੇਂਦਰ ਹੈ। ਜਨਰਲ ਸਕੱਤਰ ਦੇ ਦਫਤਰ ਵਲੋਂ ਭਾਈਚਾਰੇ ਨੂੰ ਨਿੱਘਾ ਸੱਦਾ ਹੈ ਕਿ ਆਓ! ਸ੍ਰੀ ਗੁਰੂ ਸਿੰਘ ਸਭਾ ਦੇ ਨਾਲ ਜੁੜ ਕੇ ਗੁਰੂ ਨਾਨਕ ਸਾਹਿਬ ਦੇ ਸਰਬ-ਕਲਿਆਣਕਾਰੀ ਫਲਸਫੇ ਦੀ ਖ਼ੁਸ਼ਬੂ ਨੂੰ ਚੁਫੇਰੇ ਫੈਲਾਉਣ ਦੇ ਵਡਮੁੱਲੇ ਮਿਸ਼ਨ ਨੂੰ ਕਾਮਯਾਬ ਬਣਾਈਏ ਅਤੇ ਭਾਈਚਾਰੇ ਦੀ ਸੇਵਾ ਕਰਨ ਦਾ ਮਾਣ ਹਾਸਲ ਕਰੀਏ।

This September, we proudly launched the Bhai Gurdas Vidhya Academy at Norwood Hall, a dedicated educational center offering Gurbani Santhiya, Punjabi classes, Sikhi studies, Gurmat Sangeet, Tanti Saaz instruction, as well as tabla and vaja lessons. We continue to invest in and expand existing programs, such as the Kes-tying and Dastar-tying workshops, and our partnership with Aasra in combating domestic violence remains a cornerstone of our community service efforts.

Significant infrastructure improvements have also been made, including the restoration of the Guru Nanak Road and Park Avenue Gurdwara. The external works on Guru Nanak Road are nearing completion, reflecting our commitment to providing a safe and welcoming environment for all. Our dedication to transparency is evident in our continued promotion of the Transparency Notice Board, which features comprehensive financial statements, detailed payment and receipt records, accessible committee meeting minutes, and updates from Executive Committee meetings.

We have also made strides in governance, updating and embedding a range of policies and procedures in areas such as complaints, Anand Karaj, affiliates, purchase orders, GDPR, and more, all detailed at www.sgsss.org/policies. In February this year, following approval by the Charity Commission, we amended the Sabha's constitution and appointed new Holding Trustees. These amendments modernise our governance framework, preventing the recurrence of historic issues. Further consultations with our members are planned to enhance the governance of the Sabha even more.

Our collaboration with Sevadars, local stakeholders, including the police, council, and our MP, has been instrumental in addressing the serious anti-social behavior around the Guru Nanak Road area. The issue has been raised in Parliament, and we have successfully secured additional policing to tackle this concern.

Sri Guru Singh Sabha Southall continues to stand as the leading Gurdwara in the UK, dedicated to fostering growth, empowerment, and a vibrant community spirit. The Office of the General Secretary warmly invites the community to join us in these ongoing efforts, as we look forward to a future filled with innovation, dedication, and unity.

# APR 2024

## Nagar Kirtan

# OVER 50,000 SANGAT

in attendance to celebrate the creation of the Guru Khalsa Panth at Vaisakhi














# ਧਾਰਮਿਕ ਦੀਵਾਨ

# DIWAANS

ਪਰਦੇਸ ਵਿਚ ਆਪਣੇ ਭਾਈਚਾਰੇ ਨੂੰ ਧਰਮ ਦੇ ਨਾਲ ਜੋੜੀ ਰੱਖਣ ਲਈ ਅਸੀਂ ਲਗਾਤਾਰ ਧਾਰਮਿਕ ਦੀਵਾਨ ਲਗਾਉਂਦੇ ਰਹਿੰਦੇ ਹਾਂ। ਇਸੇ ਤਹਿਤ ਪਿਛਲੇ ਮਹੀਨਿਆਂ ਦੌਰਾਨ ਸਾਡੇ ਨਿੱਘੇ ਸੱਦੇ 'ਤੇ ਵਿਸ਼ਵ ਪ੍ਰਸਿੱਧ ਕੀਰਤਨੀਏ ਸਿੰਘ, ਕਥਾਵਾਚਕ ਅਤੇ ਸੰਤ-ਮਹਾਂਪੁਰਖ ਧਾਰਮਿਕ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਸਾਡੇ ਕੋਲ ਪਹੁੰਚਦੇ ਰਹੇ। ਇਸ ਸਾਲ ਕਰਵਾਏ ਗਏ ਵੱਡੇ ਸਮਾਗਮਾਂ ਵਿਚ ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਦੇ ਭਾਰਤੀ ਫੌਜ ਦੇ ਹਮਲੇ ਦੇ 40ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਈ ਆਤਮ ਰਸ ਦਰਬਾਰ ਅਤੇ 40 ਦਿਨਾਂ ਦੇ ਸਿਮਰਨ ਜਾਪ ਦੇ ਸਮਾਗਮ ਸ਼ਾਮਲ ਹਨ, ਜਿਹੜੇ ਕਿ ਰੂਹਾਨੀਅਤ ਦੇ ਰੰਗ ਵਿਚ ਰੰਗੇ ਹੋਏ ਯਾਦਗਾਰੀ ਸਮਾਰੋਹ ਹੋ ਨਿਬੜੇ।

ਅਗਸਤ ਮਹੀਨੇ ਵਿਚ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੇ ਪਰਿਵਾਰ ਦਾ ਯੂ.ਕੇ. ਵਿਚ ਆਉਣ 'ਤੇ ਸੁਆਗਤ ਕਰਨ ਦਾ ਮਾਣ ਹਾਸਲ ਹੋਇਆ। ਇਸ ਤੋਂ ਇਲਾਵਾ ਅਸੀਂ ਇਹ ਵੀ ਬੜੇ ਫ਼ਖ਼ਰ ਨਾਲ ਦੱਸ ਸਕਦੇ ਹਾਂ ਕਿ ਸੰਤ ਭੁਪਿੰਦਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਜੀ, ਸੰਤ ਬਾਬਾ ਅਵਤਾਰ ਸਿੰਘ ਜੀ, ਗਿਆਨੀ ਜੰਗਬੀਰ ਸਿੰਘ ਜੀ, ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਸੰਤ ਅਨੂਪ ਸਿੰਘ ਜੀ, ਭਾਈ ਮਨਪ੍ਰੀਤ ਸਿੰਘ ਜੀ ਕਾਨ੍ਹਪੁਰੀ, ਭਾਈ ਅਨੰਤਵੀਰ ਸਿੰਘ ਜੀ, ਬਾਬਾ ਸੁਰਜੀਤ ਸਿੰਘ ਜੀ ਮਹਿਰੋਂ ਅਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਵੱਖ-ਵੱਖ ਹਜ਼ੂਰੀ ਰਾਗੀ ਜਥੇ ਸਾਡੇ ਨਿੱਘੇ ਸੱਦੇ ਨੂੰ ਪ੍ਰਵਾਨ ਕਰਕੇ ਇੱਥੇ ਪੁੱਜਦੇ ਰਹੇ ਅਤੇ ਸੰਗਤ ਨੂੰ ਗੁਰਬਾਣੀ, ਇਤਿਹਾਸ ਅਤੇ ਰਸਭਿੰਨੇ ਕੀਰਤਨ ਦੁਆਰਾ ਗੁਰਮਤਿ ਦੇ ਨਾਲ ਜੋੜਦੇ ਰਹੇ।

ਸਤੰਬਰ ਮਹੀਨੇ ਸਾਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਸੰਸਥਾਪਕ ਪ੍ਰੋਫੈਸਰ ਅਤੇ ਸਾਬਕਾ ਡੀਨ ਡਾ. ਗੁਰਨਾਮ ਸਿੰਘ ਜੀ ਦਾ ਸਵਾਗਤ ਕਰਨ ਦਾ ਵਿਸ਼ੇਸ਼ ਸੁਭਾਗ ਮਿਲਿਆ। ਡਾ. ਗੁਰਨਾਮ ਸਿੰਘ ਜੀ ਨੇ ਸਾਡੇ ਕੋਲ ਇਕ ਹਫਤਾ ਰਹਿ ਕੇ 31 ਰਾਗਾਂ ਵਿਚ ਕੀਰਤਨ ਦਰਬਾਰ ਦੀ ਅਗਵਾਈ ਕਰਦਿਆਂ ਸੰਗਤ ਨੂੰ ਇਕ ਵਿਲੱਖਣ ਰੂਹਾਨੀ ਅਨੰਦ ਨਾਲ ਸ਼ਰਸਾਰ ਕੀਤਾ।

ਪੂਰੇ ਸਾਲ ਦੌਰਾਨ ਅਸੀਂ ਆਪਣੇ ਕੌਮੀ ਸ਼ਹੀਦਾਂ ਦੀ ਯਾਦ ਵਿਚ ਕਈ ਪ੍ਰੋਗਰਾਮ ਕੀਤੇ ਹਨ।

We continue to host regular Diwans and Smagams, bringing together our community for spiritual enrichment and reflection. Over the past few months, we have been blessed with visits from some of the world's most revered Kirtanees and Katha Vachaks, enhancing the spiritual atmosphere at our Gurdwara. Significant events included multiple Atam Ras Darbars and a 40-day Simran Jaap, held in remembrance of the 40th anniversary of the attack on Sri Darbar Sahib. These gatherings provided a profound opportunity for collective reflection and spiritual connection.

In August, we had the honor of welcoming the family of Shaheed Bhai Amrik Singh Ji, along with esteemed guests such as Sant Bhupinder Singh Ji, Singh Sahib Giani Amarjit Singh Ji, Sant Baba Avtar Singh Ji, Giani Jangbir Singh Ji Sant Anoop Singh Ji, Bhai Manprit Singh Kanpuri, Bhai Harjinder Singh Ji Sri Nagar Wale, Bhai Anatvir Singh, and Baba Surjit Singh Mehro. Additionally, we were privileged to host various Kirtani Jathas from Sri Darbar Sahib.

In September, we were especially privileged to welcome Dr. Gurnam Singh Ji, former Dean and Founding Professor of Gurmat Sangeet at Punjabi University. Dr. Gurnam Singh Ji spent a week with us, leading a 31 Raag Darbar, offering our Sangat a unique and spiritually uplifting experience.

Throughout the year we have held multiple programs to commemorate our Panthic shaheeds.



# ਗੁਰਬਾਣੀ ਕੰਠ ਮੁਕਾਬਲੇ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਬਰਸੀ ਦੀ ਯਾਦ ਵਿਚ ਲੰਘੇ ਐਤਵਾਰ ਨੂੰ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਵਿਖੇ, 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇਕ 'ਗੁਰਬਾਣੀ ਕੰਠ ਮੁਕਾਬਲਾ' ਕਰਵਾਇਆ ਗਿਆ। ਇਸ ਦੌਰਾਨ ਵੱਖ-ਵੱਖ ਉਮਰ ਦੇ ਬਹੁਤ ਸਾਰੇ ਬੱਚਿਆਂ ਨੇ ਬੇਅੰਤ ਬਾਣੀਆਂ ਦਾ ਅਭਿਆਸ ਅਤੇ ਜ਼ੁਬਾਨੀ ਜਾਪ ਕੀਤਾ। ਦਮਦਮੀ ਟਕਸਾਲ ਦੇ ਮੁਖੀ ਵਜੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਅਣਗਿਣਤ ਵਿਦਿਆਰਥੀਆਂ ਨੂੰ ਗੁਰਮਤਿ ਪੜ੍ਹਾਉਣ ਵਿਚ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਅਤੇ ਗੁਰਬਾਣੀ ਦਾ ਅਥਾਹ ਸਤਿਕਾਰ ਕਰਕੇ ਦਿਖਾਇਆ।

ਅਜਿਹੀਆਂ ਧਾਰਮਿਕ ਗਤੀਵਿਧੀਆਂ ਹਮੇਸ਼ਾ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਆਪਣੀ ਵਿਰਾਸਤ ਨਾਲ ਜੁੜਨ ਲਈ ਪ੍ਰੇਰਿਤ ਕਰਨ ਦਾ ਕੰਮ ਕਰਦੀਆਂ ਹਨ।

ਸਭਾ ਵਿਚ ਵੱਖ-ਵੱਖ ਸੰਥਿਆ ਕਲਾਸਾਂ ਵੀ ਲੱਗਦੀਆਂ ਹਨ, ਵੇਰਵੇ ਸਾਡੀ ਵੈੱਬਸਾਈਟ 'ਤੇ ਮਿਲ ਸਕਦੇ ਹਨ।

# GURBANI MEMORY COMPETITION

To honor the barsi of Sant Giani Gurbachan Singh Ji Khalsa Bhindrawale, we held an Under 16s Gurbani Kanth Mukabla (Memorise Gurbani Competition) this Sunday at Guru Nanak Road Gurdwara.

We were thrilled to see so many young participants of different ages, who had practiced and memorised various Baniya. Sant Giani Gurbachan Singh Ji, as the head of Damdami Taksal, dedicated their life to teaching countless students and held immense respect for Gurbani. Their legacy continues to inspire us all.

Various santhiya classes take place at the Sabha, details can be found on our website.



# ਗੰਗਾ ਸਾਗਰ

13 ਮਈ 2024 ਨੂੰ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ, ਸਾਊਥਾਲ ਵਿਖੇ ਸੰਗਤ ਨੂੰ ਪਾਵਨ ਇਤਿਹਾਸਕ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਾਏ ਕੱਲ੍ਹਾ ਜੀ ਨੂੰ ਬਖਸ਼ਿਸ਼ ਕੀਤਾ ਪਾਵਨ ਇਤਿਹਾਸਕ ਗੰਗਾ ਸਾਗਰ, ਜੋ ਇਸ ਵੇਲੇ ਰਾਏ ਕੱਲ੍ਹਾ ਜੀ ਦੀ ਨੌਵੀਂ ਪੀੜ੍ਹੀ ਵਿਚੋਂ ਅਜ਼ੀਜ਼ੁੱਲ ਖਾਨ ਨੇ ਸਤਿਕਾਰ ਤੇ ਸੁਰੱਖਿਆ ਦੇ ਨਾਲ ਸੰਭਾਲਿਆ ਹੋਇਆ ਹੈ, ਦੇ ਦਰਸ਼ਨ ਕਰਨ ਲਈ ਸ਼ਨਿੱਚਰਵਾਰ ਦੀ ਰਾਤ ਨੂੰ ਹਜ਼ਾਰਾਂ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਪੁੱਜੀਆਂ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖਸ਼ਿਸ਼ ਕੀਤਾ ਹੋਇਆ ਪਾਵਨ ਗੰਗਾ ਸਾਗਰ ਤਾਂਬੇ ਦਾ ਬਣਿਆ ਹੋਇਆ ਅਜਿਹਾ ਬਰਤਨ ਹੈ, ਜਿਸ ਦੇ ਅੰਦਰ ਹਰ ਪਾਸੇ ਛੇਕ ਹੋਣ ਦੇ ਬਾਵਜੂਦ ਇਸ ਵਿਚ ਕੋਈ ਤਰਲ ਪਦਾਰਥ ਪਾਉਣ 'ਤੇ ਉਹ ਬਾਹਰ ਨਹੀਂ ਡੁੱਲ੍ਹਦਾ ਪਰ ਜਦੋਂ ਇਸ ਵਿਚ ਰੇਤ ਪਾਈ ਜਾਵੇ ਤਾਂ ਉਹ ਛੇਕਾਂ ਰਾਹੀਂ ਬਾਹਰ ਨਿਕਲ ਜਾਂਦੀ ਹੈ।

# GANGA SAGAR

Ganga Sagar Darshan at Guru Nanak Road Gurdwara, Southall on 13 May 2024.

Thousands of Sangat gathered on Saturday night to get Darshan of the Ganga Sagar, which is currently with Rai Azizullah Khan, the ninth generation of Rai Kalha Ji who was given the relic by Guru Gobind Singh Ji

The Ganga Sagar is an intricately crafted copper urn with symmetrical holes running around its entire circumference and at its base. Despite the holes, it retains liquid that is poured into it, but when sand is poured, it flows out of the holes.



# ਸੁਰੱਖਿਆ ਪ੍ਰਬੰਧ

ਪਿਛਲੇ ਛੇ ਮਹੀਨਿਆਂ ਦੌਰਾਨ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਕੰਮ ਹੋਏ ਹਨ। ਜਿਨ੍ਹਾਂ ਵਿਚ ਹੇਠ ਲਿਖੇ ਮਹੱਤਵਪੂਰਨ ਕਾਰਜ ਸ਼ਾਮਲ ਹਨ:

**ਨੀਤੀਆਂ ਬਣਾਉਣੀਆਂ:**

- ਸੁਰੱਖਿਆ ਨਾਲ ਸਬੰਧਿਤ ਚਿੰਤਾਵਾਂ ਦੂਰ ਕਰਨ ਲਈ ਸਪੱਸ਼ਟ ਪ੍ਰੋਟੋਕੋਲ ਨੂੰ ਯਕੀਨੀ ਬਣਾਉਂਦਿਆਂ ਲਿਖਤੀ ਪ੍ਰਕਿਰਿਆ ਦੇ ਨਾਲ-ਨਾਲ ਇਕ ਵਿਆਪਕ ਸੁਰੱਖਿਆ ਨੀਤੀ ਵੀ ਬਣਾਈ ਗਈ।
- ਸੁਰੱਖਿਆ ਨਾਲ ਸਬੰਧਿਤ ਖ਼ਤਰਿਆਂ ਬਾਰੇ ਜਾਇਜ਼ਾ ਲਿਆ ਗਿਆ ਅਤੇ ਇਸ ਆਧਾਰ 'ਤੇ ਸੁਰੱਖਿਆ ਪ੍ਰਬੰਧਾਂ ਵਿਚ ਵਾਧਾ ਕਰਨ ਦੇ ਮਹੱਤਵਪੂਰਨ ਨਿਯਮਾਂ ਬਾਰੇ ਇਕ ਡਾਕੂਮੈਂਟ ਤਿਆਰ ਕੀਤਾ ਗਿਆ।
- ਇਕ ਐਫੀਲੀਏਟ Safeguarding ਇਕਰਾਰਨਾਮਾ ਬਣਾਇਆ ਗਿਆ ਅਤੇ ਸਾਰੇ ਸਬੰਧਿਤ ਗਰੁੱਪਾਂ ਵਿਚ ਸੁਰੱਖਿਆ ਪ੍ਰਬੰਧਾਂ ਨੂੰ ਵਧੀਆ ਬਣਾਉਣ ਲਈ ਇਕ ਆਪਸੀ ਅਤੇ ਪ੍ਰਵਾਨਿਤ ਪ੍ਰਸ਼ਨਾਵਲੀ ਬਣਾਈ ਗਈ।
- ਸਟਾਫ ਅਤੇ ਸਹਿਯੋਗੀਆਂ ਦੀ ਨਾਲਿਜ ਅਤੇ ਸਕਿੱਲ ਨੂੰ ਵਧਾਉਣ ਲਈ ਇਕ ਸਿਖਲਾਈ ਯੋਜਨਾ ਵੀ ਤਿਆਰ ਕੀਤੀ ਗਈ।

**ਆਡਿਟ:**

- ਸੁਰੱਖਿਆ ਦੇ ਸਟੈਂਡਰਡ ਨੂੰ ਕਾਇਮ ਰੱਖਣ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ 15 ਦੇ ਲਗਪਗ ਅੰਦਰੂਨੀ ਅਤੇ ਸਬੰਧਿਤ ਗਰੁੱਪਾਂ ਦੇ ਜ਼ਰੂਰੀ ਆਡਿਟ ਕਰਵਾਏ ਗਏ, ਜਿਨ੍ਹਾਂ ਵਿਚ ਕੁਝ ਰੁਟੀਨ ਦੇ ਆਡਿਟ ਵੀ ਸ਼ਾਮਲ ਸਨ।

**ਸਮਰਥਨ ਅਤੇ ਸਿਫ਼ਾਰਿਸ਼ਾਂ:**

- ਸੁਰੱਖਿਆ ਪ੍ਰਬੰਧਾਂ ਨਾਲ ਸਬੰਧਿਤ ਜ਼ਰੂਰੀ ਪ੍ਰਕਿਰਿਆਵਾਂ ਲਾਗੂ ਕਰਨ ਲਈ, ਆਪਸ ਵਿਚ ਗਰੁੱਪ ਸਹਾਇਤਾ ਦਿੱਤੀ ਗਈ ਅਤੇ ਸੁਰੱਖਿਆ ਨੀਤੀਆਂ ਨੂੰ ਲਾਗੂ ਕਰਨ ਵਾਸਤੇ ਜ਼ਰੂਰੀ ਸਿਫਾਰਿਸ਼ਾਂ ਵੀ ਕੀਤੀਆਂ ਗਈਆਂ।
- ਪ੍ਰਕਿਰਿਆਵਾਂ ਤੈਅ ਕਰਨ ਵਿਚ ਮਦਦ ਕੀਤੀ ਅਤੇ ਸੇਫਟੀ ਸਬੰਧੀ ਕੁਝ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਸਿਫ਼ਾਰਸ਼ਾਂ ਵੀ ਕੀਤੀਆਂ।

**ਕੈਂਪ ਦੀ ਤਿਆਰੀ:**

- ਕਿਸੇ ਵੀ ਖ਼ਤਰੇ ਵਾਲੀ ਸੰਭਾਵੀ ਸਥਿਤੀ ਨੂੰ ਕਾਬੂ ਕਰਨ ਅਤੇ ਖਤਰਿਆਂ ਨੂੰ ਦੂਰ ਕਰਨ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਤੇ ਨੀਤੀਆਂ ਸਬੰਧੀ ਕੈਂਪ ਰਿਸਕ ਮੁਲਾਂਕਣ ਕੀਤਾ ਗਿਆ।
- ਕੈਂਪ ਸਟਾਫ ਲਈ ਡੀ.ਬੀ.ਐਸ. ਐਪਲੀਕੇਸ਼ਨਾਂ ਦੀ ਪ੍ਰਕਿਰਿਆ ਅਪਨਾਈ ਗਈ ਅਤੇ ਸ਼ਾਮਲ ਹੋਣ ਵਾਲਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਕੈਂਪ ਐਮਰਜੈਂਸੀ ਐਕਸ਼ਨ ਪਲਾਨ ਤਿਆਰ ਕੀਤਾ ਗਿਆ।

# SAFEGUARDING

Over the past six months, significant progress has been made in strengthening safeguarding practices. Key activities and developments include:

**Policy Creation:**

- Developed a comprehensive **Safeguarding Policy** alongside a **Reporting Procedure** to ensure clear protocols for handling concerns.
- Conducted a **Safeguarding Risk Assessment** and formulated a **Summary of Statement** to communicate key safeguarding principles.
- Established an **Affiliate Safeguarding Agreement** and created an **Internal & Affiliate Questionnaire** to standardise safeguarding practices across all affiliated groups.
- Designed a detailed **Training Plan** to enhance the knowledge and skills of staff and affiliates.

**Audits:**

- Conducted approximately **15 audits** of internal and affiliate groups, including some repeat audits, to ensure ongoing compliance with safeguarding standards.

**Support and Recommendations:**

- Provided **internal group support** for implementing safeguarding procedures and offered tailored **recommendations** to enhance safeguarding practices.
- Assisted in the **creation of procedures** and offered **safeguarding recommendations** to address specific needs.

**Camp Preparation:**

- Completed a thorough **Camp Risk Assessment** to identify potential risks and mitigation strategies.
- Processed **DBS applications** for camp staff and developed **Camp Emergency Action Plans** to ensure the safety and well-being of all participants.

### ਮੀਟਿੰਗਾਂ ਅਤੇ ਸਹਿਯੋਗ:

- ਸੁਰੱਖਿਆ ਪ੍ਰਬੰਧਾਂ ਦੀਆਂ ਨੀਤੀਆਂ 'ਤੇ ਚਰਚਾ ਕਰਨ ਲਈ ਸਥਾਨਕ ਅਥਾਰਟੀ ਦੇ ਮਨੋਨੀਤ (Designated) ਅਧਿਕਾਰੀ (LADO) ਨਾਲ ਮੀਟਿੰਗ ਕੀਤੀ।
- ਸਿਖਲਾਈ ਸਬੰਧੀ ਵੱਖ-ਵੱਖ ਵਿਚਾਰਾਂ ਦੀ ਪੜਚੋਲ ਕਰਨ ਅਤੇ ਇਨ੍ਹਾਂ ਨੂੰ ਲਾਗੂ ਲਈ ਚਾਰ external ਟ੍ਰੇਨਿੰਗ ਪ੍ਰੋਵਾਈਡਰਾਂ ਦੀ ਸਹਾਇਤਾ ਪ੍ਰਾਪਤ ਕੀਤੀ।
- ਦੋ ਖਾਸ ਸੁਰੱਖਿਆ ਮਸਲਿਆਂ ਦੇ ਹੱਲ ਲਈ ਪੁਲਿਸ ਨਾਲ ਸਹਿਯੋਗ ਕੀਤਾ।
- ਆਪਸੀ ਸੁਰੱਖਿਆ ਟੀਚਿਆਂ ਦਾ ਸਮਰਥਨ ਕਰਨ ਅਤੇ ਚੰਗੀ ਸੁਰੱਖਿਆ ਪ੍ਰੈਕਟਿਸ ਲਈ 'ਹੋਪ ਫਾਰ ਸਾਊਥਹਾਲ ਚੈਰਿਟੀ' ਨਾਲ ਭਾਈਵਾਲੀ ਕੀਤੀ।

### ਸਿਖਲਾਈ ਅਤੇ ਪੈਕੇਜ:

- ਸਟਾਫ ਅਤੇ ਸਹਿਯੋਗੀਆਂ ਦੇ ਵਿਹਾਰ ਵਿਚ ਪ੍ਰਭਾਵ ਤੇ ਮਿਲਵਰਤਣ ਦੀ ਭਾਵਨਾ ਵਧਾਉਣ ਲਈ ਦੋ ਟ੍ਰੇਨਿੰਗ ਪੈਕੇਜਾਂ ਦਾ ਟ੍ਰਾਇਲ ਸ਼ੁਰੂ ਕੀਤਾ।

### ਸੁਰੱਖਿਆ ਸਬੰਧੀ ਚਿੰਤਾਵਾਂ:

- ਕਿਸੇ ਵੀ ਸਵਾਲ 'ਤੇ ਤੁਰੰਤ ਐਕਸ਼ਨ ਅਤੇ ਫਾਲੋ-ਅਪ ਨੂੰ ਯਕੀਨੀ ਬਣਾਉਣਾ ਲਈ ਤਿੰਨ ਸੁਰੱਖਿਆ ਚਿੰਤਾਵਾਂ ਦਾ ਜਵਾਬ ਦਿੱਤਾ ਗਿਆ।
- ਸਾਰੇ ਸੁਰੱਖਿਆ ਮਸਲਿਆਂ ਅਤੇ ਹੋਣ ਵਾਲੀਆਂ ਕਾਰਵਾਈਆਂ ਨੂੰ ਟਰੈਕ ਕਰਨ ਲਈ ਇਕ ਰਿਪੋਰਟਿੰਗ ਲੌਗ ਬਣਾਇਆ ਗਿਆ।

### ਆਉਣ ਵਾਲੇ ਸਮੇਂ ਦੀਆਂ ਆਈਟਮਾਂ:

### ਆਡਿਟ ਅਤੇ ਡਾਟਾ ਇਕੱਠਾ ਕਰਨਾ:

- ਐਫੀਲੀਏਟ ਆਡਿਟ ਨਿਰੰਤਰ ਜਾਰੀ ਰੱਖਿਆ ਜਾਵੇ ਅਤੇ ਸੁਰੱਖਿਆ ਪ੍ਰਬੰਧਾਂ ਦੀ ਪਾਲਣਾ ਅਤੇ ਨਿਗਰਾਨੀ ਕਰਨ ਲਈ ਡਾਟਾ ਇਕੱਤਰ ਕਰਨ ਦੇ ਯਤਨ ਜਾਰੀ ਰੱਖੇ ਜਾਣ।

### ਕੈਂਪ ਦਾ ਪ੍ਰਬੰਧ:

- ਜਿਹੜੇ ਲੋਕ ਡੀ.ਬੀ.ਐਸ. ਪ੍ਰਮਾਣਿਤ ਨਹੀਂ ਹਨ, ਉਨ੍ਹਾਂ ਦੀ ਕੈਂਪ ਵਿਚ ਹਾਜ਼ਰੀ ਸਬੰਧੀ ਖੁਦ ਜਾ ਕੇ ਪ੍ਰਬੰਧ ਕੀਤੇ ਜਾਣ।
- ਕੈਂਪ ਸਟਾਫ਼ ਨੂੰ ਆਪੋ-ਆਪਣੀਆਂ ਜ਼ਿੰਮੇਵਾਰੀਆਂ ਦੇ ਕਾਬਿਲ ਬਣਾਉਣ ਲਈ ਇਕ ਸਿਖਲਾਈ ਪੈਕੇਜ ਤਿਆਰ ਕਰਕੇ ਦਿੱਤਾ ਜਾਵੇ।

### ਸਿਖਲਾਈ ਯੋਜਨਾ ਨੂੰ ਮੁਕੰਮਲ ਰੂਪ ਦੇਣਾ:

- ਸਟਾਫ਼ ਲਈ ਮੁਕੰਮਲ ਸਿਖਲਾਈ ਯੋਜਨਾ ਤਿਆਰ ਕੀਤੀ ਜਾਵੇ, ਜਿਸ ਵਿਚ CPD ਅਤੇ ਇਕ ਸੈਸ਼ਨ ਸ਼ਾਮਲ ਹੋਵੇ।
- ਉਨ੍ਹਾਂ ਦੇ ਪ੍ਰਭਾਵ ਨੂੰ ਵੇਖਣ ਲਈ ਸਟਰੈੱਸ-ਟੈਸਟ ਅਤੇ ਟ੍ਰੇਨਿੰਗ ਲਈ ਜ਼ਰੂਰੀ ਚੀਜ਼ਾਂ ਵੀ ਇਕੱਠੀਆਂ ਕੀਤੀਆਂ ਜਾਣ।

### Meetings and Collaborations:

- Held a meeting with the **Local Authority Designated Officer (LADO)** to discuss safeguarding strategies.
- Engaged with **four external training providers** to explore and enhance training options.
- Collaborated with the **Police** to address two specific safeguarding requests.
- Partnered with the **Hope for Southall Charity** to exchange best practices and support mutual safeguarding goals.

### Training and Packages:

- Began **trialling two training packages** to determine their effectiveness and suitability for staff and affiliates.

### Safeguarding Concerns:

- Responded to **three safeguarding concerns**, ensuring prompt action and appropriate follow-up.
- Created and maintained a **reporting log** to track all safeguarding issues and actions taken.

### UPCOMING ITEMS:

### Audits and Data Collection:

- Continue to conduct **affiliate audits** and expand **data collection** efforts to monitor safeguarding compliance.

### Camp Management:

- Attend and manage the attendance of non-DBS verified individuals at camps.
- Finalise and deliver a **training package** for camp staff to ensure they are fully prepared for their roles.

### Training Plan Finalisation:

- Complete the final **Training Plan** for staff, including both CPD and one-off sessions.
- Build, validate, and stress-test training materials to ensure their effectiveness.

**DBS ਰਿਕਾਰਡ ਅਤੇ ਪ੍ਰਕਿਰਿਆ:**

- DBS ਰਿਕਾਰਡ ਨੂੰ ਸੰਭਾਲਣ ਲਈ ਇਕ ਕੇਂਦਰੀ ਸ਼ੇਅਰ-ਪੁਆਇੰਟ ਸਟੋਰੇਜ ਬਣਾਇਆ ਜਾਵੇ ਤਾਂ ਜੋ ਰਿਕਾਰਡ ਅਤੇ ਮੈਨੇਜਮੈਂਟ ਨੂੰ ਸਹੀ ਰੂਪ 'ਚ ਚਲਾਇਆ ਜਾ ਸਕੇ।
- ਅਰਜ਼ੀਆਂ ਦੀ ਸਮੇਂ ਸਿਰ ਅਤੇ ਸਹੀ ਪ੍ਰਕਿਰਿਆ ਯਕੀਨੀ ਬਣਾਉਣ ਲਈ ਇਕ ਸਪਸ਼ਟ DBS ਬੇਨਤੀ ਪ੍ਰਕਿਰਿਆ ਵਿਕਸਿਤ ਕੀਤੀ ਜਾਵੇ।

**ਸਹਾਇਤਾ ਅਤੇ ਸੰਚਾਰ:**

- ਕਲਾਸਾਂ ਨੂੰ ਨਵੀਂ ਥਾਂ 'ਤੇ (NH) ਤਬਦੀਲ ਕਰਨ ਦਾ ਸਮਰਥਨ ਕੀਤਾ ਜਾਵੇ।
- ਹਰੇਕ ਤੱਕ ਜ਼ਰੂਰੀ ਸੂਚਨਾ ਪਹੁੰਚਾਉਣ ਲਈ ਸੁਰੱਖਿਆ ਨੋਟਿਸ ਬੋਰਡ (ਆਨਸਾਈਟ ਅਤੇ ਵਰਚੁਅਲ ਦੋਵੇਂ) ਬਣਾਓ। ਚਿੰਤਾਵਾਂ ਦੀ ਸੌਖੀ ਰਿਪੋਰਟਿੰਗ ਲਈ ਵੈੱਬਸਾਈਟ ਵਿਚ ਇਕ ਨਵਾਂ ਰਿਪੋਰਟਿੰਗ ਟੂਲ ਬਣਾਵੋ।
- ਸੁਰੱਖਿਆ ਸਬੰਧੀ ਸਹਾਇਤਾ ਨੂੰ ਸੁਖਾਲਾ ਬਣਾਉਣ ਲਈ ਰਸਮੀ ਤੌਰ 'ਤੇ ਸੰਗਤ (ਕਮਿਊਨਿਟੀ) ਨੂੰ ਇਕ ਰਿਪੋਰਟਿੰਗ ਟੈਲੀਫੋਨ ਨੰਬਰ ਦੱਸੋ।

**ਭਾਈਵਾਲੀ ਅਤੇ ਸਿਖਲਾਈ:**

- ਸਹਿਯੋਗੀ ਸੁਰੱਖਿਆ ਯਤਨਾਂ ਨੂੰ ਵਧਾਉਣ ਲਈ ਹੋਰ ਸਹਾਇਤਾ ਸੰਸਥਾਵਾਂ ਨਾਲ ਭਾਈਵਾਲੀ ਸਥਾਪਤ ਕਰੋ।
- ਕੇਸਾਂ ਸਬੰਧੀ ਸਹਾਇਤਾ ਦੇਣ ਲਈ ਇਕ ਮਹਿਲਾ ਸਟਾਫ ਮੈਂਬਰ ਨੂੰ ਬੁਨਿਆਦੀ ਸੁਰੱਖਿਆ ਸਬੰਧੀ ਸਿੱਖਿਅਤ ਕਰੋ।

**ਰਿਪੋਰਟਿੰਗ ਟੂਲ:**

- ਸੁਰੱਖਿਆ ਲੌਗ ਵਿਚ ਰਿਪੋਰਟਾਂ ਇਕੱਠੀਆਂ ਕਰਨ ਦੇ ਕੰਮ ਨੂੰ ਆਸਾਨ ਬਣਾਉਣ ਲਈ ਸਟਾਫ ਵਾਸਤੇ ਇਕ ਰਿਪੋਰਟਿੰਗ ਟੂਲ ਤਿਆਰ ਕਰੋ, ਵਧੀਆ ਤਰੀਕੇ ਨਾਲ ਟ੍ਰੈਕਿੰਗ ਕਰਨ ਅਤੇ ਸਾਰੀਆਂ ਚਿੰਤਾਵਾਂ 'ਤੇ ਫਾਲੋ-ਅਪ ਨੂੰ ਯਕੀਨੀ ਬਣਾਓ।

ਅਸੀਂ ਅੱਜ ਤੱਕ ਹਮੇਸ਼ਾ ਆਪਣੇ ਭਾਈਚਾਰੇ ਦੀ ਸੁਰੱਖਿਆ ਅਤੇ ਤੰਦਰੁਸਤੀ ਵਾਸਤੇ ਤਨਦੇਹੀ ਨਾਲ ਕੰਮ ਕੀਤਾ ਹੈ ਅਤੇ ਲਗਾਤਾਰ ਕੰਮ ਕਰਕੇ ਸਭਾ ਦੀਆਂ ਭਵਿੱਖਮੁਖੀ ਯੋਜਨਾਵਾਂ ਪ੍ਰਤੀ ਆਪਣੀ ਵਚਨਬੱਧਤਾ ਦਰਸਾਈ ਹੈ।

**DBS Records and Processes:**

- Establish a **central SharePoint storage** for DBS records to streamline access and management.
- Develop a clear **DBS request process** to ensure timely and accurate processing of applications.

**Support and Communication:**

- Support the transition of classes to a new location (NH).
- Create **Safeguarding notice boards** (both onsite and virtual) to keep everyone informed.
- Integrate a new **reporting tool** into the website for easier reporting of concerns.
- Formally publish a **reporting telephone number** to the sangat (community) for direct access to safeguarding support.

**Partnerships and Training:**

- Establish partnerships with other **support organisations** to enhance collaborative safeguarding efforts.
- Train a **female staff member** in basic safeguarding to provide case support and improve response capabilities.

**Reporting Tools:**

- Develop a **reporting tool** for staff to streamline the integration of reports into the safeguarding log, ensuring efficient tracking and follow-up on all concerns.

The work to date reflects the Sabha's ongoing commitment to safeguarding, demonstrating proactive measures and future plans to ensure the safety and well-being of all individuals within our community.

# ਪ੍ਰੋਫੈਸਰ ਗੁਰਮੁਖ ਸਿੰਘ ਕਿਡਜ਼ ਲਾਇਬਰੇਰੀ

ਆਪਣੇ ਭਾਈਚਾਰੇ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਦੇ ਨਾਲ ਜੋੜਣ ਲਈ ਅਸੀਂ 'ਪ੍ਰੋਫੈਸਰ ਗੁਰਮੁਖ ਸਿੰਘ ਕਿਡਜ਼ ਲਾਇਬਰੇਰੀ' ਖੋਲ੍ਹੀ ਹੈ, ਜਿੱਥੇ ਗੁਰੂ ਇਤਿਹਾਸ, ਸਿੱਖ ਇਤਿਹਾਸ, ਪੰਜਾਬ ਦੇ ਇਤਿਹਾਸ ਅਤੇ ਸਾਡੇ ਮਹਾਨ ਸੂਰਬੀਰਾਂ, ਸ਼ਹੀਦਾਂ ਅਤੇ ਮਹਾਂਪੁਰਖਾਂ ਦੇ ਜੀਵਨ ਨਾਲ ਸਬੰਧਿਤ ਵੱਡੀ ਗਿਣਤੀ ਕਿਤਾਬਾਂ ਰੱਖੀਆਂ ਗਈਆਂ ਹਨ। ਸਾਡੇ ਵੱਲ ਵੇਖ ਕੇ ਹੁਣ ਮਿਲਟਨ ਕੀਨਜ਼ ਗੁਰਦੁਆਰਾ ਸਾਹਿਬ ਅਤੇ ਬ੍ਰਿਸਟਲ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਵੀ ਅਜਿਹੀ ਲਾਇਬਰੇਰੀ ਬਣਾਉਣ ਦੀ ਇੱਛਾ ਜ਼ਾਹਰ ਕਰਦਿਆਂ ਸਾਡੇ ਕੋਲੋਂ ਇਸ ਸਬੰਧੀ ਜ਼ਰੂਰੀ ਤਜ਼ਰਬੇ ਅਤੇ ਜਾਣਕਾਰੀ ਹਾਸਲ ਕੀਤੀ ਹੈ। ਅਜਿਹੀਆਂ ਚੰਗੀਆਂ ਪਹਿਲਕਦਮੀਆਂ ਤੋਂ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਸਿੱਖ ਭਾਈਚਾਰੇ ਵਿਚ ਗਿਆਨ ਤੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਅਸੀਂ ਕਿੰਨੇ ਯਤਨਸ਼ੀਲ ਅਤੇ ਵਚਨਬੱਧ ਹਾਂ।

ਇਸੇ ਤਰ੍ਹਾਂ ਅਸੀਂ 'ਸਭਾ ਯੂਥ ਚੈਂਪੀਅਨਜ਼' ਦੀ ਵੀ ਸ਼ੁਰੂਆਤ ਕੀਤੀ ਹੈ, ਜਿਸ ਵਿਚ 8 ਤੋਂ 14 ਸਾਲ ਦੀ ਉਮਰ ਦੇ ਚਾਰ ਹੋਣਹਾਰ ਨੌਜਵਾਨਾਂ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਨੂੰ ਲਾਇਬਰੇਰੀ ਦੇ ਪ੍ਰਬੰਧ ਸੰਭਾਲਣ, ਨਵੇਂ ਸਮਾਗਮ ਉਲੀਕਣ ਅਤੇ ਨਵੀਆਂ ਕਿਤਾਬਾਂ ਦੀ ਚੋਣ ਕਰਨ ਅਤੇ ਕਿਤਾਬਾਂ ਨੂੰ ਸਹੀ ਤਰੀਕੇ ਨਾਲ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਤਾਂ ਜੋ ਕਿਸੇ ਵੀ ਪਾਠਕ ਨੂੰ ਆਪਣੀ ਪਸੰਦ ਮੁਤਾਬਿਕ ਨਵੀਂਆਂ ਤੇ ਗਿਆਨ ਭਰਪੂਰ ਕਿਤਾਬਾਂ ਲੱਭਣ ਵਿਚ ਕੋਈ ਦਿੱਕਤ ਨਾ ਆਵੇ। ਨੌਜਵਾਨਾਂ ਨੂੰ ਅਜਿਹੀਆਂ ਜ਼ਿੰਮੇਵਾਰੀਆਂ ਦੇਣ ਨਾਲ ਉਨ੍ਹਾਂ ਵਿਚ ਲੀਡਰਸ਼ਿਪ ਵਾਲੀ ਸੂਝ-ਬੂਝ, ਭਾਈਚਾਰੇ ਦੀ ਨੁਮਾਇੰਦਗੀ ਕਰਨ ਦੀ ਭਾਵਨਾ ਅਤੇ ਵਿਦਿਅਕ ਅਦਾਰਿਆਂ ਵਿਚ ਮੋਹਰੀ ਭੂਮਿਕਾ ਨਿਭਾਉਣ ਲਈ ਉਤਸ਼ਾਹ ਪੈਦਾ ਹੋਵੇਗਾ।

ਇਸੇ ਤਰ੍ਹਾਂ ਅਸੀਂ ਪੜ੍ਹਣ ਦੀ ਰੁਚੀ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ, ਇਕ ਮਹੀਨਾਵਾਰ ਲੇਖਕ ਸੈਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਹੈ। ਸਾਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਲਾਇਬਰੇਰੀ ਵਲੋਂ ਹੁਣ ਤੱਕ ਚਾਰ ਗਿਆਨ ਭਰਪੂਰ ਸਫਲ ਸੈਸ਼ਨ ਕਰਵਾਏ ਜਾ ਚੁੱਕੇ ਹਨ ਅਤੇ ਆਉਂਦੇ ਸਮੇਂ ਦੌਰਾਨ ਵੀ ਤਿੰਨ ਸੈਸ਼ਨ ਕਰਵਾਏ ਜਾਣਗੇ। ਇਸੇ ਤਰ੍ਹਾਂ ਆਉਂਦੇ ਸਮੇਂ ਦੌਰਾਨ ਸਾਡੀ ਲਾਇਬਰੇਰੀ ਵਲੋਂ ਸਿੱਖਿਆ ਸਰਗਰਮੀਆਂ ਜਾਰੀ ਰੱਖੀਆਂ ਜਾਣਗੀਆਂ।

# PROF GURMUKH SINGH KIDS LIBRARY

Our book collection has grown substantially, with monthly additions bringing our catalogue to over 300 titles. We have also received numerous generous book donations, which we are carefully vetting to ensure they meet our standards before display.

The library's innovative approach and success have not gone unnoticed in the wider Sikh community. We have received inquiries from both Milton Keynes Gurdwara and Bristol Gurdwara, expressing keen interest in replicating our model. This positive development highlights our pioneering role in promoting literacy and learning within the Sikh community.

In alignment with Singh Sabha's commitment to youth development, we have introduced the "Sabha Youth Champions" initiative, featuring the Sabha Prefect Scheme. Following an application process, we selected four exemplary young individuals, ranging from 8 to 14 years of age, to participate in this leadership program. These prefects have been entrusted with responsibilities including maintaining the library's organisation, proposing innovative events and actively participating in the curation and categorisation of new books. This scheme is designed to cultivate leadership acumen, encourage a sense of community ownership, and enhance youth engagement in our educational spaces.

To maintain interest and promote literacy, we have launched a monthly author session program. We are proud to report that the library has already successfully hosted four enlightening sessions featuring upcoming authors, with an additional three sessions scheduled for the remainder of the year. These events have been well-received and will continue as a regular feature of our library's offerings.

ਪ੍ਰੋਫੈਸਰ ਗੁਰਮੁਖ ਸਿੰਘ ਕਿੱਡਜ਼ ਲਾਇਬਰੇਰੀ ਨੂੰ ਆਧੁਨਿਕ ਲੀਹਾਂ 'ਤੇ ਵਿਕਸਿਤ ਕਰਕੇ ਭਵਿੱਖ ਵਿਚ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ ਤਾਂ ਜੋ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਵਿਰਸੇ ਅਤੇ ਇਤਿਹਾਸ ਨਾਲ ਜੁੜਨ ਲਈ ਨਵੀਂਆਂ ਵਿਗਿਆਨਕ ਸਹੂਲਤਾਂ ਦੁਆਰਾ ਉਤਸ਼ਾਹਿਤ ਕੀਤਾ ਜਾ ਸਕੇ।

The Professor Gurmukh Singh Kids Library continues to grow, innovate, and inspire. We remain committed to nurturing a love for reading and learning among our youth while providing opportunities for leadership and community engagement. The success of this space has sparked significant awareness and interest in our library facilities. We are now in the preliminary stages of an ambitious project to revitalise the downstairs main library. The refurbishment plans encompass updated technology, expanded seating areas, and a carefully curated collection that reflects the depth and breadth of Sikh literature, history, and contemporary thought.







# ਹਰਿਆਵਲੀ ਗਾਰਡਨਜ਼

ਹਰਿਆਵਲੀ ਗਾਰਡਨ ਵਿਚ ਨੈਸ਼ਨਲ ਲਾਟਰੀ ਫੰਡ ਨਾਲ ਸਭਾ ਦੇ ਨਵੇਂ ਆਊਟਡੋਰ ਸ਼ੈਲਟਰ ਪ੍ਰੋਜੈਕਟ ਵਿਚ ਮਹੱਤਵਪੂਰਨ ਪ੍ਰਗਤੀ ਕੀਤੀ ਗਈ, ਜਿਸ ਵਿਚ ਭਾਈਚਾਰਕ ਅਤੇ ਵਿਦਿਅਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵਾਲੀਆਂ ਗਤੀਵਿਧੀਆਂ ਲਈ ਇਕ ਵਿਸ਼ਾਲ ਮਲਟੀ-ਪਰਪਜ਼ ਢਾਂਚੇ ਦਾ ਨਿਰਮਾਣ ਕੀਤਾ ਜਾਣਾ ਹੈ। ਇਸ ਦੇ ਮੁਕੰਮਲ ਹੋਣ 'ਤੇ ਸਾਡੀਆਂ ਭਾਈਚਾਰਕ ਸੇਵਾਵਾਂ ਨੂੰ ਨਵੀਂ ਦਿਸ਼ਾ ਤੇ ਉਤਸ਼ਾਹ ਮਿਲੇਗਾ। ਭਾਈਚਾਰੇ ਦੇ ਲੋਕਾਂ ਅਤੇ ਖ਼ਾਸ ਕਰਕੇ ਨੌਜਵਾਨਾਂ ਨੂੰ ਇੱਥੇ ਕੁਦਰਤੀ ਵਾਤਾਵਰਨ ਵਿਚ ਸਮਾਂ ਬਤੀਤ ਕਰਨਾ ਚੰਗਾ ਲੱਗੇਗਾ ਤੇ ਉਹ ਆਪਣੇ ਆਪ ਨੂੰ ਕੁਦਰਤ ਦੇ ਬਿਲਕੁਲ ਨੇੜੇ ਮਹਿਸੂਸ ਕਰਨਗੇ। ਸਾਨੂੰ ਉਮੀਦ ਹੈ ਕਿ ਇਹ ਪ੍ਰਾਜੈਕਟ ਮੁਕੰਮਲ ਹੋਣ 'ਤੇ ਸਾਡੀਆਂ ਭਾਈਚਾਰਕ ਗਤੀਵਿਧੀਆਂ, ਵਾਤਾਵਰਨ ਪ੍ਰੇਮ ਅਤੇ ਹੋਰ ਗਤੀਵਿਧੀਆਂ ਦਾ ਕੇਂਦਰ ਬਣ ਜਾਵੇਗਾ।





# HARIAVALI GARDENS

Significant progress has been made to the Sabha's new outdoor shelter project funded by the National Lottery Fund in the Hariavali Gardens. This ambitious undertaking involves the construction of a large, multi-purpose structure designed to enhance outdoor educational and community engagement capabilities.

The new shelter is an 8m by 8m structure, providing ample space for a variety of activities. Its size and design make it suitable for hosting outdoor workshops, talks, and functioning as an outdoor classroom for school visits. The versatility of this space has already generated considerable interest, with numerous booking inquiries received even before completion. It will serve as a prominent feature in the gardens, enhancing the overall aesthetics and functionality of the outdoor space.

The construction process began with addressing the challenges presented by the existing terrain. Significant effort was invested in flattening the previously uneven ground, creating a stable foundation for the structure. Following this preparatory work, we successfully laid a concrete foundation, establishing a solid base for the shelter.

Currently, the project has been underway for two weeks. With construction is progressing well, completion of the space is anticipated to be completed imminently.

This new shelter is expected to have a significant positive impact on our community engagement efforts, particularly attractive to youth groups and classes from Norwood Hall, encouraging them to spend more time in nature and explore the gardens. The hope is that it will becoming a hub for environmental education, community gatherings, and a wide range of outdoor activities.

# ਭਾਈ ਗੁਰਦਾਸ ਵਿਦਿਆ ਅਕੈਡਮੀ

ਭਾਈ ਗੁਰਦਾਸ ਵਿਦਿਆ ਅਕੈਡਮੀ ਬੱਚਿਆਂ ਵਿਚ ਗਿਆਨ ਦਾ ਚਾਨਣ ਫੈਲਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਅਕੈਡਮੀ ਨੇ ਆਧੁਨਿਕ ਸਿੱਖਿਆ ਦੇ ਨਾਲ-ਨਾਲ ਸਾਡੇ ਭਾਈਚਾਰੇ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਣ ਵਿਚ ਵੀ ਜ਼ਿਕਰਯੋਗ ਹਿੱਸਾ ਪਾਇਆ ਹੈ। ਪ੍ਰੋਫੈਸ਼ਨਲ ਕਾਬਲੀਅਤ ਵਾਲੇ 20 ਸਮਰਪਿਤ ਅਧਿਆਪਕਾਂ ਦੀ ਟੀਮ ਦੇ ਨਾਲ, ਅਕੈਡਮੀ ਪੰਜਾਬੀ ਭਾਸ਼ਾ ਦੀ ਸਿੱਖਿਆ ਅਤੇ ਗੁਰਮਤਿ ਸੰਗੀਤ ਦੀ ਨਿਰਮਲ ਧਾਰਾ ਵਜੋਂ ਸੇਵਾ ਕਰ ਰਹੀ ਹੈ।

ਅਕੈਡਮੀ ਦੇ ਸਿਲੇਬਸ ਵਿਚ ਪੰਜਾਬੀ ਭਾਸ਼ਾ ਦੇ ਕੋਰਸ ਵਿਸ਼ੇਸ਼ ਤੌਰ ‘ਤੇ ਸ਼ਾਮਲ ਕੀਤੇ ਗਏ ਹਨ ਤਾਂ ਜੋ ਭਾਈਚਾਰੇ ਦੇ ਬੱਚੇ ਅੰਗਰੇਜ਼ੀ ਭਾਸ਼ਾ ਦੇ ਨਾਲ-ਨਾਲ ਪੰਜਾਬੀ ਮਾਂ-ਬੋਲੀ ਦੇ ਉਚਾਰਣ ਅਤੇ ਸਮਝ ਵਿਚ ਵੀ ਨਿਪੁੰਨ ਹੋਣ। ਇਸ ਦੇ ਨਾਲ-ਨਾਲ ਬਾਲਗਾਂ ਲਈ ਵੀ ਪੰਜਾਬੀ ਦੀਆਂ ਕਲਾਸਾਂ ਸਫਲਤਾ ਦੇ ਨਾਲ ਚੱਲ ਰਹੀਆਂ ਹਨ।

ਇਸ ਤੋਂ ਇਲਾਵਾ, ਭਾਈ ਗੁਰਦਾਸ ਵਿਦਿਆ ਅਕੈਡਮੀ ਵਲੋਂ ਵੋਕਲ, ਹਾਰਮੋਨੀਅਮ ਅਤੇ ਤਬਲੇ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ, ਤਾਂ ਜੋ ਸਾਡੀ ਨਵੀਂ ਪਨੀਰੀ ਸਾਡੇ ਰਵਾਇਤੀ ਗੁਰਮਤਿ ਸੰਗੀਤ ਪ੍ਰਤੀ ਰੁਚੀ ਤੇ ਪਿਆਰ ਪੈਦਾ ਹੋਵੇ ਅਤੇ ਉਹ ਕੀਰਤਨ ਜ਼ਰੀਏ ਆਪਣੀ ਰੂਹਾਨੀ ਤ੍ਰਿਪਤੀ ਤੇ ਧਰਮ ਵਿਚ ਪਰਪੱਕਤਾ ਹਾਸਲ ਕਰ ਸਕਣ।

# BHAI GURDAS VIDHYA ACADEMY


Bhai Gurdas Vidya Academy has made remarkable strides in fostering cultural education and holistic learning among students and the wider community. With a growing enrollment of over 130 students and a dedicated team of 20 teachers, the academy continues to serve as a vibrant hub for Punjabi language education and Gurmat Sangeet. Our commitment to cultural preservation and academic excellence is reflected in our diverse range of programs and the continuous progress we achieve.

The academy offers a comprehensive curriculum that includes Punjabi language courses ranging from beginner to A-level. This ensures that every student, regardless of their starting point, has the opportunity to learn and grow in their understanding and fluency in Punjabi. Our adult Punjabi classes have also been a great success, providing a supportive environment for adults who wish to connect with their heritage or enhance their language skills. Many of these adult learners have gone on to achieve further academic milestones, such as taking the Punjabi GCSE, demonstrating the effectiveness and impact of our programs.

In addition to language instruction, Bhai Gurdas Vidya Academy takes pride in offering Gurmat Sangeet training in vocals, Vaja (harmonium), and Tabla. These courses are aimed at cultivating a love for traditional Sikh music among our students, allowing them to connect spiritually and culturally with the teachings of the Gurus. The academy's expert instructors provide personalised guidance to each student, fostering both technical skill and artistic expression.

ਵਿਦਿਆਰਥੀਆਂ ਵਿਚ ਹੁਨਰ ਦੇ ਵਿਕਾਸ ਅਤੇ ਨਵੀਆਂ ਰੁਚੀਆਂ ਪੈਦਾ ਕਰਨ ਲਈ ਮਹੀਨਾਵਾਰ ਨੌਜਵਾਨ ਦਰਬਾਰ ਵੀ ਕਰਵਾਏ ਜਾਂਦੇ ਹਨ। ਇਸ ਤਰ੍ਹਾਂ ਨੌਜਵਾਨਾਂ ਨੂੰ ਗੁਰਬਾਣੀ ਪਾਠ, ਗੁਰਮਤਿ ਸੰਗੀਤ ਅਤੇ ਆਪਣੇ ਗਿਆਨ ਨੂੰ ਸਾਂਝਾ ਕਰਨ ਦਾ ਵਧੀਆ ਤੇ ਸਾਂਝਾ ਮੰਚ ਮਿਲਦਾ ਹੈ ਅਤੇ ਉਨ੍ਹਾਂ ਅੰਦਰ ਜਨਤਾ ਵਿਚ ਬੋਲਣ ਦਾ ਆਤਮ-ਵਿਸ਼ਵਾਸ ਵੱਧਦਾ ਹੈ।

ਇਸ ਤਰ੍ਹਾਂ ਭਾਈ ਗੁਰਦਾਸ ਵਿਦਿਆ ਅਕੈਡਮੀ ਬੱਚਿਆਂ ਨੂੰ ਸਿੱਖਿਆ, ਸੱਭਿਆਚਾਰ ਅਤੇ ਧਰਮ ਨਾਲ ਜੋੜਣ ਤੋਂ ਇਲਾਵਾ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਵਿਚ ਵੀ ਅਹਿਮ ਭੂਮਿਕਾ ਨਿਭਾਅ ਰਹੀ ਹੈ।




To encourage continuous learning and provide a platform for students to showcase their progress, we organise monthly Youth Darbars. These gatherings are a unique opportunity for students to present what they have learned, whether it be reciting Gurbani, performing Gurmat Sangeet, or sharing insights gained through their studies. The Youth Darbars not only celebrate the achievements of our students but also build their confidence and public speaking skills, reinforcing the values of community and service.

Overall, the progress of Bhai Gurdas Vidya Academy is a testament to our unwavering dedication to nurturing individuals in their cultural and spiritual journey. We remain committed to enriching lives through meaningful learning experiences, ensuring that students of all ages are deeply connected to their heritage and faith.









# ਪੰਜਾਬੀ ਕਾਨਫਰੰਸਾਂ PUNJABI CONFERENCES

### ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

27-28 ਜੁਲਾਈ 2024 ਨੂੰ ਲੈਸਟਰ ਵਿਖੇ ਚੌਥੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਹੋਈ, ਜਿਸ ਵਿਚ ਸਭਾ ਦਾ ਅਹਿਮ ਯੋਗਦਾਨ ਰਿਹਾ। ਇਸ ਕਾਨਫਰੰਸ ਵਿਚ ਯੂ.ਕੇ. ਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਤੋਂ ਇਕ ਦਰਜਨ ਤੋਂ ਵੱਧ ਬੁਲਾਰਿਆਂ ਨੇ ਆਪਣੇ ਪੇਪਰ ਪੇਸ਼ ਕੀਤੇ।

### ਏਸ਼ੀਅਨ ਲਿਟਰੇਰੀ ਐਂਡ ਕਲਚਰਲ ਫੋਰਮ

ਸਾਊਥਾਲ ਵਿਚ ਏਸ਼ੀਅਨ ਲਿਟਰੇਰੀ ਐਂਡ ਕਲਚਰਲ ਫੋਰਮ ਯੂ.ਕੇ. ਵਲੋਂ ਕਰਵਾਈ ਗਈ ਅਬਦੀ ਕਾਨਫਰੰਸ ਵਿਚ ਵੀ ਸਭਾ ਨੇ ਪੂਰਾ ਸਹਿਯੋਗ ਕੀਤਾ। ਸਾਡੇ ਹੋਲਡਿੰਗ ਟਰੱਸਟੀ ਮਲਕੀਤ ਸਿੰਘ ਗਰੇਵਾਲ ਪੂਰੀ ਕਾਨਫਰੰਸ ਦੌਰਾਨ ਮੌਜੂਦ ਰਹੇ ਅਤੇ ਕਾਨਫਰੰਸ ਵਿਚ ਪੰਜਾਬ ਭਰ ਤੋਂ ਆਏ ਬੁਲਾਰਿਆਂ ਦਾ ਸਵਾਗਤ ਕੀਤਾ ਗਿਆ।

### International Punjabi Conference

The International Punjabi Conference which was on 27-28 July 2024 was held in Leicester. The Sabha was a key stakeholder in the fourth International Punjabi Conference which provides a platform to academics, scholars, and enthusiasts of the Punjabi language. Over a dozen speakers presented their papers this year attending from the UK, India, and Pakistan. Particularly pleasing is that the Conference opened with CPD sessions for over fifty attending Punjabi teachers from all over the UK – both of which were delivered by Singh Sabha Southall sevadars, one of whom leads teaching at our Bhai Gurdas Ji Vidhya Academy.

### Asian Literary and Cultural Forum

We are also proud to have supported the Asian Literary and Cultural Forum UK's Abdi conference held in Southall. Our holding trustee Malkeet Singh Grewal remained in attendance throughout.

The conference welcomed speakers from across Punjab.









# ਖ਼ਾਲਸਾ ਪ੍ਰਾਇਮਰੀ ਸਕੂਲ

ਲੰਘੇ ਵਿਦਿਅਕ ਸਾਲ ਦੌਰਾਨ ਖ਼ਾਲਸਾ ਪ੍ਰਾਇਮਰੀ ਸਕੂਲ ਦੀ ਸ਼ਾਨਦਾਰ ਕਾਰਗੁਜ਼ਾਰੀ ਰਹੀ ਹੈ। ਪਿਛਲੇ ਸਾਲ ਦੇ SAT ਨਤੀਜਿਆਂ ਵਿਚ ਵਿਦਿਆਰਥੀਆਂ ਦੀ ਬੇਮਿਸਾਲ ਕਾਰਗੁਜ਼ਾਰੀ ਨੇ ਸਕੂਲ ਦੇ ਸਟੈਂਡਰਡ ਨੂੰ ਬੁਲੰਦੀਆਂ 'ਤੇ ਕਾਇਮ ਰੱਖਿਆ ਹੈ।

ਸਕੂਲ ਦੇ ਅੰਦਰੂਨੀ ਸਰਵਿਆਂ ਦੌਰਾਨ ਮਾਪਿਆਂ ਅਤੇ ਵਿਦਿਆਰਥੀਆਂ ਨੇ ਸਕੂਲ ਦੇ ਐਜੂਕੇਸ਼ਨ ਸਟੈਂਡਰਡ ਅਤੇ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟ ਕੀਤੀ ਹੈ। ਇਸ ਤਰ੍ਹਾਂ ਦੀ ਫੀਡਬੈਕ ਲੈਣ ਨਾਲ ਆਪਸੀ ਸਹਿਯੋਗ ਤੇ ਸਬੰਧਾਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਵਿਚਕਾਰ ਸਹਿਯੋਗ ਅਤੇ ਵਿਸ਼ਵਾਸ ਵੱਧਦਾ ਹੈ। ਇਸ ਤਰ੍ਹਾਂ ਸਕੂਲ ਵਿਚ ਨਾ-ਸਿਰਫ ਵਿਦਿਅਕ ਵਾਤਾਵਰਨ ਕਾਇਮ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਬਲਕਿ ਵਿਦਿਆਰਥੀਆਂ ਦੇ ਤਜ਼ਰਬਿਆਂ ਦੀ ਵੀ ਕਦਰ ਕੀਤੀ ਜਾਂਦੀ ਹੈ।

ਬੋਰਡ ਅਤੇ ਸਕੂਲ ਲੀਡਰਸ਼ਿਪ ਵਲੋਂ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਕਿ ਸਾਰੇ ਵਿਦਿਆਰਥੀ, ਖਾਸ ਕਰਕੇ ਪੱਛੜੇ ਪਿਛੋਕੜ ਵਾਲੇ ਵਿਦਿਆਰਥੀ ਐਜੂਕੇਸ਼ਨ ਹਾਸਲ ਕਰਨ ਦੇ ਮੌਕਿਆਂ ਤੋਂ ਵਾਂਝੇ ਨਾ ਰਹਿ ਜਾਣ। ਸਕੂਲ ਵਲੋਂ ਵੱਖ-ਵੱਖ ਤਰ੍ਹਾਂ ਦੀਆਂ ਵਿਦਿਅਕ ਅਤੇ ਸਕਿੱਲਡ ਗਤੀਵਿਧੀਆਂ ਰਾਹੀਂ ਇਹ ਵਚਨਬੱਧਤਾ ਪ੍ਰਗਟਾਈ ਜਾਂਦੀ ਹੈ ਕਿ ਹਰ ਬੱਚੇ ਨੂੰ ਅਕਾਦਮਿਕ ਅਤੇ ਸਮਾਜਿਕ ਤੌਰ 'ਤੇ ਤਰੱਕੀ ਕਰਨ ਲਈ ਜ਼ਰੂਰੀ ਮੌਕੇ ਅਤੇ ਸਾਧਨ ਦਿੱਤੇ ਜਾਣ।

ਇਸ ਸਮੇਂ ਐਜੂਕੇਸ਼ਨ ਖੇਤਰ ਨੂੰ ਵੱਡੀਆਂ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਕਈ ਸਕੂਲ ਬੰਦ ਹੋਏ ਹਨ ਜਾਂ ਕਈ ਸਕੂਲਾਂ ਨੂੰ ਸਟਾਫ਼ ਘਟਾਉਣਾ ਪਿਆ ਹੈ। ਇਸ ਦੇ ਉਲਟ ਖ਼ਾਲਸਾ ਪ੍ਰਾਇਮਰੀ ਸਕੂਲ ਸੀਮਤ ਬਜਟ ਦੇ ਬਾਵਜੂਦ ਸਫਲਤਾ ਨਾਲ ਚੱਲ ਰਿਹਾ ਹੈ। ਇਹ ਸਫਲਤਾ ਵਿੱਤੀ ਸਮਝਦਾਰੀ ਅਤੇ ਸਕੂਲ ਸਟਾਫ ਵਲੋਂ ਜ਼ਰੂਰੀ ਲੋੜਾਂ ਨਾਲ ਸਮਝੌਤਾ ਕੀਤੇ ਬਿਨਾਂ ਚੰਗੀ ਵਿਦਿਆ ਦੇਣ ਦੀ ਸੂਝ-ਬੂਝ ਕਾਰਨ ਹੀ ਹਾਸਲ ਹੋਈ ਹੈ। ਗਵਰਨਿੰਗ ਬੋਰਡ ਹਮੇਸ਼ਾ ਇਸ ਗੱਲ ਵੱਲ ਵਿਸ਼ੇਸ਼ ਧਿਆਨ ਰੱਖਦਾ ਹੈ ਕਿ ਆਪਣੇ ਪਰਿਵਾਰ ਦੀ ਆਰਥਿਕ ਤੰਗੀ ਦੇ ਬਾਵਜੂਦ ਹਰੇਕ ਵਿਦਿਆਰਥੀ ਚੰਗੀ ਵਿਦਿਆ ਅਤੇ ਚੰਗੇ ਗੁਣ ਹਾਸਲ ਕਰ ਸਕੇ।

# KHALSA PRIMARY SCHOOL

Over the last academic year, Khalsa Primary School has continued to excel, building on its strong academic foundation, as demonstrated by the previous year's outstanding SAT results.

The pupils' exceptional performance highlights the school's unwavering commitment to academic excellence and its continuous drive for progress. The Governors eagerly anticipate sharing the 2024 results with the Sangat later this year.

High levels of satisfaction among parents and pupils have also been reported, as reflected in the school's internal surveys. The feedback underscores the collaborative spirit within the school community, emphasising the strong partnerships between teachers, pupils, and families. This collaborative approach has not only fostered a positive learning environment but has also significantly enriched the overall educational experience for the pupils.

In addition to academic success, the after-school provision has received commendable recognition. The board and school leadership have diligently worked to ensure that these programs are accessible to all students, particularly those from disadvantaged backgrounds. The high participation rates in these activities demonstrate the school's commitment to inclusivity, providing every child with the opportunities and resources they need to thrive both academically and socially.

Despite the financial challenges currently facing the education sector, where many schools have had to reduce staff or even close, Khalsa Primary School remains within budget. This financial prudence allows the school to continue delivering high-quality education without compromising on staff excellence or essential resources. The governing board remains dedicated to ensuring that every pupil can access a rich and varied learning experience, despite the economic pressures.

ਇਸ ਤੋਂ ਇਲਾਵਾ ਸਕੂਲ ਵਿਚ ਬੱਚਿਆਂ ਨੂੰ ਸਿੱਖ ਧਰਮ ਨਾਲ ਜੋੜਣ ਵਾਲੀਆਂ ਗਤੀਵਿਧੀਆਂ ਵੀ ਪ੍ਰਭਾਵਸ਼ਾਲੀ ਰਹੀਆਂ ਹਨ। ਇਸ ਨਾਲ ਬੱਚਿਆਂ ਵਿਚ ਸਿੱਖ ਧਰਮ ਪ੍ਰਤੀ ਗਿਆਨ ਤੇ ਸਮਝ ਵਧੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਦੀ ਸ਼ਰਧਾ-ਭਾਵਨਾ ਹੋਰ ਡੂੰਘੀ ਹੋਈ ਹੈ। ਬੱਚਿਆਂ ਵਿਚ ਧਾਰਮਿਕ ਗਿਆਨ ਦੇ ਵਾਧੇ ਨਾਲ ਉਹ ਆਪਣੇ ਆਲੇ-ਦੁਆਲੇ ਦੇ ਸੰਸਾਰ ਨੂੰ ਚੰਗੀ ਤਰ੍ਹਾਂ ਸਮਝਣ ਦੇ ਜ਼ਿਆਦਾ ਕਾਬਲ ਬਣ ਜਾਂਦੇ ਹਨ।

ਇਸੇ ਤਰ੍ਹਾਂ ਸਕੂਲ ਪ੍ਰਬੰਧਕਾਂ ਵਲੋਂ 2024 ਦੇ ਨਤੀਜਿਆਂ ਤੋਂ ਬਾਅਦ ਅਗਲੀ ਸਾਲਾਨਾ ਮੀਟਿੰਗ ਵਿਚ ਹੋਰ ਅਪਡੇਟ ਵੀ ਸਾਂਝੇ ਕੀਤੇ ਜਾਣਗੇ ਅਤੇ ਆਪਣੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ ਬਣਾਉਂਦਿਆਂ ਭਾਈਚਾਰੇ ਨੂੰ ਹਰੇਕ ਨਵੀਂ ਪ੍ਰਗਤੀ ਬਾਰੇ ਸੂਚਿਤ ਕੀਤਾ ਜਾਵੇਗਾ। ਪ੍ਰਬੰਧਕ ਹਮੇਸ਼ਾ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰਦੇ ਹਨ ਕਿ ਸਾਡੇ ਵਿਦਿਆਰਥੀ ਅਗਲੇ ਜੀਵਨ ਵਿਚ ਚੁਣੌਤੀਆਂ ਅਤੇ ਚੰਗੇ ਮੌਕਿਆਂ ਦੀ ਸਹੀ ਵਰਤੋਂ ਕਰਕੇ ਸਫਲ ਇਨਸਾਨ ਬਣਨ।

As the children prepare to embark on a new term in September, the Governors look forward to working closely with the school's leadership. Together, they will continue to support the pupils in achieving their aspirations and laying a solid foundation as they transition to secondary education. The Governors recognise the importance of this critical period in the pupils' educational journey and are committed to providing the tailored support and nurturing they require.

Moreover, the Governors are encouraged by the profound impact that the Sikh faith studies and related events have had on the pupils. These initiatives have deepened their understanding of the Sikh faith and offered invaluable opportunities to strengthen their connection with Guru Granth Sahib Ji. This spiritual growth is essential in helping the pupils develop a holistic understanding of themselves and the world around them.

Looking ahead, the Governors will provide further updates at the next Annual General Meeting following the publication of the 2024 results, ensuring transparency and keeping the community informed of ongoing progress. The Governors remain committed to working tirelessly to ensure that the pupils receive the best possible start in life, equipping them to navigate the challenges and opportunities that lie ahead.

| 2023 Key Stage 2 | Khalsa Primary | National |
|---|---|---|
| Reading | 93% | 73% |
| Writing | 83% | 71% |
| Maths | 95% | 73% |





# ਹਰਿਆਵਲੀ ਵਰਕਸ਼ਾਪਾਂ

ਸਭਾ ਵਲੋਂ ਵਾਤਾਵਰਨ ਪ੍ਰਤੀ ਭਾਈਚਾਰੇ ਵਿਚ ਪ੍ਰੇਮ ਅਤੇ ਜਾਗਰੂਕਤਾ ਵਧਾਉਣ ਲਈ ਮਾਰਚ 2024 ਦੇ ਪਹਿਲੇ ਹਫ਼ਤੇ ਤੋਂ ਹਰਿਆਵਲੀ ਗਾਰਡਨ ਵਰਕਸ਼ਾਪਾਂ ਮੁੜ ਸ਼ੁਰੂ ਕੀਤੀਆਂ ਗਈਆਂ ਹਨ। ਇਸ ਸਾਲ ਦਾ ਫੋਕਸ ਪੌਲੀਕਲਚਰ ਬਾਗਬਾਨੀ ਤਕਨੀਕਾਂ ਨੂੰ ਪੇਸ਼ ਕਰਨ ਅਤੇ ਸਾਡੇ ਏਰੀਏ ਵਿਚ ਉਗਾਈਆਂ ਜਾਣ ਵਾਲੀਆਂ ਫਸਲਾਂ ਵਿਚ ਵੰਨ-ਸੁਵੰਨਤਾ ਨੂੰ ਵਧਾਉਣ 'ਤੇ ਹੈ।

ਹਫ਼ਤਾਵਾਰੀ ਮੰਗਲਵਾਰ ਦੀਆਂ ਵਰਕਸ਼ਾਪਾਂ ਸਫਲਤਾ ਨਾਲ ਚੱਲ ਰਹੀਆਂ ਹਨ, ਜਿਨ੍ਹਾਂ ਵਿਚ ਬਾਗਬਾਨੀ ਤੇ ਫਸਲਾਂ ਦੀ ਸਾਂਭ-ਸੰਭਾਲ, ਛੰਗਾਈ, ਵਾਢੀ ਅਤੇ ਆਮ ਦੇਖਭਾਲ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਨ੍ਹਾਂ ਵਰਕਸ਼ਾਪਾਂ ਵਿਚ ਵੱਧ-ਚੜ੍ਹ ਕੇ ਲੋਕ ਸ਼ਾਮਲ ਹੋ ਰਹੇ ਹਨ। ਮੌਜੂਦਾ ਵਰਕਸ਼ਾਪਾਂ ਦੀ ਸਫਲਤਾ ਤੋਂ ਬਾਅਦ ਇਕ ਨਵਾਂ ਪੁਰਸ਼ ਸੈਸ਼ਨ ਸ਼ੁਰੂ ਕਰਨ ਦੀ ਵੀ ਯੋਜਨਾ ਹੈ। ਇਹ ਵਾਧੂ ਵਰਕਸ਼ਾਪ ਹਰ ਵੀਰਵਾਰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗੀ।

ਇਸ ਸਾਲ ਫ਼ਸਲੀ ਵਿਭਿੰਨਤਾ ਨੂੰ ਵਧਾਉਣ ਲਈ ਮਹੱਤਵਪੂਰਨ ਕਦਮ ਚੁੱਕੇ ਗਏ ਹਨ, ਜਿਸ ਨਾਲ ਬਗੀਚੇ ਵਿਚ ਹੁਣ ਵੱਖ-ਵੱਖ ਸਬਜ਼ੀਆਂ ਜਿਵੇਂ ਕਿ, ਟਮਾਟਰ ਦੀਆਂ ਛੇ ਕਿਸਮਾਂ, ਖੀਰੇ ਦੀਆਂ ਤਿੰਨ ਕਿਸਮਾਂ ਅਤੇ ਸੱਤ ਵੱਖ-ਵੱਖ ਸਕੁਐਸ਼ ਦੀਆਂ ਕਿਸਮਾਂ ਵੀ ਨਜ਼ਰ ਆ ਰਹੀਆਂ ਹਨ। ਕਈ ਹੋਰ ਸਬਜ਼ੀਆਂ ਦੇ ਨਾਲ-ਨਾਲ ਹਰੀਆਂ ਬੀਨਜ਼ ਦੀਆਂ ਤਿੰਨ ਕਿਸਮਾਂ ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਇਸ ਦੇ ਨਾਲ ਜਿੱਥੇ ਵੱਖ-ਵੱਖ ਸਬਜ਼ੀਆਂ ਉਗਾਉਣ ਦੀ ਇਕ ਚੰਗੀ ਸੂਚੀ ਤਿਆਰ ਹੁੰਦੀ ਹੈ ਉੱਥੇ ਪੌਲੀਕਲਚਰ ਤਕਨੀਕਾਂ ਦੀ ਵਰਤੋਂ ਨਾਲ ਛੋਟੀ ਜਿਹੀ ਬਾਗਬਾਨੀ ਵਿਚੋਂ ਵੀ ਅਨੇਕਾਂ ਫ਼ਸਲਾਂ ਲੈਣ ਦੇ ਮੌਕੇ ਪੈਦਾ ਹੋਏ ਹਨ।

ਭਵਿੱਖ ਵਿਚ ਨਵੀਆਂ ਤਕਨੀਕਾਂ ਅਤੇ ਵਾਤਾਵਰਨ ਅਨੁਸਾਰ ਚੰਗੀ ਤੇ ਸਫਲ ਬਾਗਬਾਨੀ ਕਰਨ ਲਈ ਹੋਰ ਵਰਕਸ਼ਾਪਾਂ ਵੀ ਲਗਾਉਣ ਦੀ ਯੋਜਨਾ ਹੈ। ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਲੰਗਰ ਦੀ ਰਹਿੰਦ-ਖੂੰਹਦ ਤੋਂ ਕੁਦਰਤੀ ਖਾਦ ਬਣਾ ਕੇ ਅਸੀਂ ਗੁਰਦੁਆਰਾ ਸਾਹਿਬ ਵਿਚ ਸਾਫ-ਸਫਾਈ ਅਤੇ ਵਾਤਾਵਰਨ ਸਬੰਧੀ ਚੇਤਨਾ ਨੂੰ ਕਾਇਮ ਰੱਖਣ ਲਈ ਵੀ ਆਪਣੀ ਵਚਨਬੱਧਤਾ ਦਿਖਾ ਰਹੇ ਹਾਂ।



# HARIAVALI WORKSHOPS

The Hariavali Gardens workshops resumed in the first week of March 2024, continuing the Sabha's commitment to community engagement and sustainable gardening practices. This year's focus has been on introducing polyculture gardening techniques and expanding the variety of crops grown in our space.

The weekly Tuesday workshops have maintained their successful format, beginning with 30 minutes of theoretical instruction followed by an hour of hands-on practical work led by Kulkiran Kaur. During the practical sessions, participants engage in various activities essential to maintaining the garden, including pruning, harvesting, and general upkeep. The workshops have consistently attracted between 10 to 15 attendees each week, with a noticeable increase in participation during the warmer months. In response to the overwhelming success of current workshops, there are also plans to introduce a new men's session. This additional workshop will take place every Thursday from 11am to 2pm.

This year, there have been significant strides in expanding the garden's crop diversity, with the garden now boasting an impressive array of vegetables, including over six varieties of tomatoes, three types of cucumbers, and seven different squash varieties. There has also been an introduction of three varieties of green beans, along with countless other vegetables. This rich assortment not only provides a wide range of produce but also serves as a living demonstration of how multiple crops can thrive in a small space using polyculture techniques.

Looking ahead, there are plans to expand workshop offerings with external educators to share their expertise, with a particular focus on innovative, eco-friendly practices. One area of special interest is composting Langar waste, which aligns with the Sabha's goal of making our Gurudwareh a more environmentally conscious space.

# 1984 ਨਾਲ ਸਬੰਧਿਤ ਇਤਿਹਾਸਕ ਕਾਰਜ

### ਕਾਵਿ ਸੰਗ੍ਰਹਿ

ਇਸ ਸਾਲ, ਸਭਾ ਵਲੋਂ ਇਕ ਇਤਿਹਾਸਕ ਕਾਰਜ ਤਹਿਤ 1984 ਦੇ ਘੱਲੂਘਾਰੇ ਦੇ 40 ਸਾਲ ਪੂਰੇ ਹੋਣ 'ਤੇ 20 ਤੋਂ ਵੱਧ ਪ੍ਰਭਾਵਸ਼ਾਲੀ ਕਵਿਤਾਵਾਂ ਦਾ ਇਕ ਕਾਵਿ ਸੰਗ੍ਰਹਿ ਤਿਆਰ ਕੀਤਾ ਗਿਆ, ਜੋ ਉਸ ਦੌਰ ਵਿਚ ਹੋਈ ਰਾਜਨੀਤਿਕ ਅਤੇ ਸਮਾਜਿਕ ਉਥਲ-ਪੁਥਲ ਉੱਤੇ ਸੰਖੇਪ ਸ਼ਬਦਾਂ ਵਿਚ ਮਹੱਤਵਪੂਰਨ ਚਾਨਣਾ ਪਾਉਂਦਾ ਹੈ। ਇਸ ਸੰਗ੍ਰਹਿ ਵਿਚ ਆਪਣੇ ਹੱਕਾਂ ਲਈ ਸਿੱਖਾਂ ਦੁਆਰਾ ਲੜੇ ਗਏ ਸੰਘਰਸ਼, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ ਹੋਰ ਇਤਿਹਾਸਕ ਗੁਰਦੁਆਰਿਆਂ 'ਤੇ ਫੌਜੀ ਹਮਲੇ ਅਤੇ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਦੀ ਮਾਣ-ਮਰਿਆਦਾ ਲਈ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਾਥਾ ਸ਼ਾਮਲ ਹੈ।

ਇਸ ਸੰਗ੍ਰਹਿ ਵਿਚ ਵੱਖ-ਵੱਖ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਜਿੱਥੇ ਸਿੱਖ ਹੱਕਾਂ ਲਈ ਸੰਘਰਸ਼ ਕਰਦਿਆਂ ਅਸਹਿ ਤੇ ਅਕਹਿ ਕਸ਼ਟ ਝੱਲਣ ਵਾਲੇ ਕੌਮੀ ਯੋਧਿਆਂ ਪ੍ਰਤੀ ਸ਼ਰਧਾ ਤੇ ਸਤਿਕਾਰ ਭੇਟ ਕੀਤਾ ਹੈ ਉੱਥੇ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਸੰਘਰਸ਼ ਤੋਂ ਜਾਣੂ ਕਰਵਾਉਂਦਿਆਂ ਚੰਗੇ ਭਵਿੱਖ ਵੱਲ ਤੁਰਨ ਦੀ ਚੇਤਨਾ ਤੇ ਦਿਸ਼ਾ ਵੀ ਦਿਖਾਈ ਹੈ। ਇਸ ਵਿਚ ਸ਼ਾਮਲ ਕਵਿਤਾਵਾਂ ਅੰਦਰ 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਕੇ ਭਾਰਤੀ ਹਕੂਮਤ ਵਲੋਂ ਸਿੱਖ ਕੌਮ ਨਾਲ ਕੀਤੇ ਵਿਸ਼ਵਾਸਘਾਤ ਦਾ ਡੂੰਘਾ ਦਰਦ ਭਰਿਆ ਹੋਇਆ ਹੈ।

ਕਾਵਿ ਸੰਗ੍ਰਹਿ ਨਵੰਬਰ ਮਹੀਨੇ ਦੇ ਸ਼ੁਰੂ ਵਿਚ ਛਾਪਿਆ ਜਾਵੇਗਾ, ਜਿਸ ਨਾਲ ਇਹ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਸ਼ਹੀਦਾਂ ਪ੍ਰਤੀ ਇਕ ਸ਼ਰਧਾਂਜਲੀ ਵਜੋਂ ਹੋਵੇਗਾ। ਸਾਨੂੰ ਆਸ ਹੈ ਕਿ ਇਹ ਕਾਵਿ ਸੰਗ੍ਰਹਿ ਪੜ੍ਹਣ ਵਾਲਿਆਂ ਨੂੰ 1984 ਦੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੇ ਭਾਵਨਾਤਮਿਕ ਦਰਦ ਨੂੰ ਮਹਿਸੂਸ ਕਰਵਾਉਂਦਾ ਹੋਇਆ ਇਕ ਸਾਂਭਣਯੋਗ ਇਤਿਹਾਸਕ ਦਸਤਾਵੇਜ ਸਾਬਤ ਹੋਵੇਗਾ।

# 1984 PROJECTS

### Poetry Anthology

This year, the Sabha undertook a poignant and significant project: the creation of a poetry anthology to mark 40 years since the events of 1984. This anthology, composed of over 20 poems, serves as a powerful reflection on the political and social turmoil that gripped Indian-Punjab during that period. The work is deeply inspired by the struggles faced by the Sikh community, particularly the harrowing events surrounding the invasion of the Darbar Sahib and the assassination of Sikh leader Sant Jarnail Singh Bhindranwale and the parallel occupations of scores of Gurdware and Sikh centres around the sub-continent and abroad.

The anthology encapsulates the profound sense of resilience, loss and hope that characterised the Sikh response to the injustices of 1984. Through the medium of poetry, contributors have explored the complex emotions and historical narratives that continue to resonate within the Punjabi and Sikh diaspora. Each poem is a testament to the enduring spirit of a community that, despite facing immense challenges, continues to assert its identity and seek justice.

This collection has been carefully curated to ensure that it not only honours the memory of those who suffered during this tumultuous time but also educates and informs future generations about the significance of these events. The poems convey the deep sense of betrayal felt by the Sikh community as promises made to them in the newly-formed India failed to materialise, leading to widespread civil disobedience and eventual repression.

The anthology will be published in early November, making it a timely and essential contribution to the ongoing discourse surrounding the 1984 events. We hope it will stand as a vital resource for those within the community and beyond, providing insight into the emotional and historical landscape since the events of 1984.

### ਲੜੀਵਾਰ ਲੈਕਚਰ

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਕਹਿਰੀ ਹਮਲੇ ਦੇ 40ਵੇਂ ਸ਼ਹੀਦੀ ਸਮਾਗਮ ਨੂੰ ਸਮਰਪਿਤ ਖੋਜ ਭਰਪੂਰ ਲੜੀਵਾਰ ਲੈਕਚਰ ਕਰਵਾਏ ਗਏ, ਜਿਨ੍ਹਾਂ ਰਾਹੀਂ 1984 ਦੇ ਘੱਲੂਘਾਰੇ ਦੇ ਵੱਖ-ਵੱਖ ਇਤਿਹਾਸਕ, ਸੱਭਿਆਚਾਰਕ ਅਤੇ ਅਧਿਆਤਮਿਕ ਪਹਿਲੂਆਂ 'ਤੇ ਮਹੱਤਵਪੂਰਨ ਚਾਨਣਾ ਪਾਇਆ ਗਿਆ। ਇਸ ਲੜੀ ਵਿਚ ਹੇਠ ਲਿਖੇ ਅਰਥ-ਭਰਪੂਰ ਲੈਕਚਰ ਸ਼ਾਮਲ ਸਨ:

- 1984: ਦਰਬਾਰ ਸਾਹਿਬ ਦੇ ਰਾਖੇ
- 1984: ਤਿਆਰੀ ਦੇ 175 ਸਾਲ
- 1984: ਚਾਲੀ ਸਾਲਾਂ ਦਾ ਸਫ਼ਰ
- 1984: ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ
- 1984: ਰੋਡਮੈਪ ਕਿੱਥੇ?
- 1984: ਨਸਲਕੁਸ਼ੀ

ਹਰੇਕ ਲੈਕਚਰ ਵਿਚ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ 1984 ਦੇ ਘੱਲੂਘਾਰੇ ਦੇ ਬਹੁਪੱਖੀ ਤੇ ਸੂਖਮ ਕਾਰਨਾਂ ਬਾਰੇ ਵਿਦਵਤਾ ਭਰਪੂਰ ਪੜਚੋਲ ਪੇਸ਼ ਕੀਤੀ। ਲੜੀਵਾਰ ਲੈਕਚਰਾਂ ਦੌਰਾਨ ਜਿੱਥੇ ਵਿਦਵਾਨਾਂ-ਬੁਲਾਰਿਆਂ ਨੇ 1984 ਦੇ ਸਮੂਹ ਸ਼ਹੀਦਾਂ ਦੀਆਂ ਕੁਰਬਾਨੀਆਂ ਪ੍ਰਤੀ ਸ਼ਰਧਾ ਤੇ ਸਤਿਕਾਰ ਭੇਟ ਕੀਤਾ, ਉੱਥੇ ਉਨ੍ਹਾਂ ਵਲੋਂ 1984 ਤੋਂ ਬਾਅਦ ਦੇ ਹਾਲਾਤਾਂ ਤੇ ਘਟਨਾਵਾਂ ਦੀ ਅਲੋਚਨਾਤਮਿਕ ਪੜਚੋਲ ਵੀ ਕੀਤੀ ਗਈ। ਅੰਤ ਵਿਚ, ਭਵਿੱਖ ਪ੍ਰਤੀ ਹਾਂ-ਪੱਖੀ ਨਜ਼ਰੀਆ ਪੇਸ਼ ਕਰਦਿਆਂ ਇਹ ਸਿੱਟਾ ਕੱਢਿਆ ਗਿਆ ਕਿ ਆਜ਼ਾਦੀ ਦਾ ਸੰਘਰਸ਼ ਇਕ ਨਿਰੰਤਰ ਸਫਰ ਹੈ, ਜੋ ਕਦੇ ਰੁਕਣਾ ਨਹੀਂ ਚਾਹੀਦਾ।

ਇਸ ਤਰ੍ਹਾਂ ਇਹ ਲੜੀਵਾਰ ਲੈਕਚਰ ਨਾ-ਸਿਰਫ਼ 1984 ਦੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਸਾਬਤ ਹੋਏ ਬਲਕਿ ਇਨਸਾਫ਼ ਅਤੇ ਆਜ਼ਾਦੀ ਦੇ ਸੰਘਰਸ਼ ਪ੍ਰਤੀ ਆਪਣੀ ਵਚਨਬੱਧਤਾ ਪ੍ਰਤੀ ਦ੍ਰਿੜ੍ਹ ਰਹਿਣ ਲਈ ਪ੍ਰੇਰਨਾਮਈ ਵੀ ਰਹੇ।


### Lecture Series

In recognition of the 40th anniversary of the tragic attack on Sri Darbar Sahib, we organised a profound lecture series that delved into the historical, cultural, and spiritual dimensions of this pivotal event. The series included the following thought-provoking lectures:

- 1984: Defenders of Darbar Sahib
- 1984: 175 Years in the Making
- 1984: Forty-Year Journey
- 1984: Sant Jarnail Singh Khalsa Bhindranwale
- 1984: Roadmap to Where?
- 1984: Genocide

Each lecture explored the deep-rooted causes of the attack, tracing its origins back 175 years. The series not only provided a platform for reflection on the sacrifices made by the defenders but also served as a critical examination of the events leading up to 1984. The final lectures will offer a forward-looking perspective on the future direction of the Panth, emphasising that the struggle for liberty is an ongoing journey that must never cease.


This lecture series was not only an act of remembrance but also a call to action, urging us to remain steadfast in our commitment to justice and freedom.











### ਪ੍ਰਦਰਸ਼ਨੀਆਂ

ਝੂਲਦੇ ਨਿਸ਼ਾਨ ਰਹੈ ਪੰਥ ਮਹਾਰਾਜ ਕੇ

1984 ਦੇ ਘੱਲੂਘਾਰੇ ਤੋਂ ਬਾਅਦ ਦੇ ਹਾਲਾਤਾਂ ਵਿਚ ਆਏ ਧਾਰਮਿਕ-ਗੀਤਾਂ ਦੀ ਗੀਤਕਾਰੀ ਅਤੇ ਡਿਸਕੋਗ੍ਰਾਫੀ ਨੂੰ ਦਰਸਾਉਂਦਾ ਇਕ ਪ੍ਰਦਰਸ਼ਨ ਕਰਵਾਇਆ ਗਿਆ। ਪ੍ਰਦਰਸ਼ਿਤ ਕੀਤੇ ਗਏ ਸੰਗੀਤ ਦੀ ਰੇਂਜ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਦੀਆਂ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਦਰਸਾਉਂਦੀ ਸੀ, ਖ਼ਾਸ ਕਰਕੇ ਉਨ੍ਹਾਂ ਹਾਲਾਤਾਂ ਦੌਰਾਨ ਜੋ ਕੁਝ ਯੂ.ਕੇ. ਦੇ ਸਿੱਖਾਂ ਨੇ ਮਹਿਸੂਸ ਕੀਤਾ। ਇਸ ਦੇ ਨਾਲ ਉਸ ਸਮੇਂ ਦੌਰਾਨ ਸੰਗੀਤ ਅਤੇ ਰਿਕਾਰਡਿੰਗ ਪ੍ਰੋਡਕਸ਼ਨ ਵਿਚ ਸੀਮਤ ਵਿੱਤੀ ਸਾਧਨਾਂ ਦੇ ਬਾਵਜੂਦ ਸਮਾਜ ਅੰਦਰ ਮੌਜੂਦ ਉੱਚੀ ਸਿਰਜਣਾਤਮਿਕ ਸਮਰੱਥਾ ਸਬੰਧੀ ਵੀ ਚਰਚਾ ਕੀਤੀ ਗਈ।

ਅਖ਼ਬਾਰਾਂ ਦੇ 1984 ਨਾਲ ਸਬੰਧਿਤ ਇਤਿਹਾਸਕ ਐਡੀਸ਼ਨ - ਦੇਸ ਪਰਦੇਸ

1984 ਦੇ ਘੱਲੂਘਾਰੇ ਨਾਲ ਸਬੰਧਿਤ ਮਹੱਤਵਪੂਰਨ ਇਤਿਹਾਸਕ ਜਾਣਕਾਰੀ ਪ੍ਰਦਾਨ ਕਰਨ ਵਾਲੇ ਉਸ ਵੇਲੇ ਦੇ ਅਖ਼ਬਾਰਾਂ ਦਾ ਇਤਿਹਾਸਕ ਐਡੀਸ਼ਨ ਤਿਆਰ ਕੀਤਾ ਗਿਆ, ਜਿਸ ਵਿਚ ਕੁਝ ਵਰ੍ਹੇਗੰਢ ਐਡੀਸ਼ਨ ਅਤੇ ਖ਼ਾਸ ਕਰਕੇ 'ਸ਼ਹੀਦੀ ਐਡੀਸ਼ਨ' ਜੋ ਕਿ ਜੂਨ 1984 ਦੇ ਅੱਧ ਵਿਚ ਛਪੇ ਸਨ, ਉਹ ਸ਼ਾਮਲ ਕੀਤੇ ਗਏ ਹਨ।

### 1984 ਬੁਕਲੈਟ

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਅਤੇ ਅਕਤੂਬਰ-ਨਵੰਬਰ 1984 ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਅਤੇ ਸਿੱਖ ਵਿਰੋਧੀ ਕਤਲੇਆਮ ਸਬੰਧੀ ਇਕ ਰੰਗੀਨ ਬੁਕਲੈਟ ਛਾਪਿਆ ਗਿਆ, ਜਿਸ ਵਿਚ ਅੰਗਰੇਜ਼ੀ ਅਤੇ ਪੰਜਾਬੀ, ਦੋਹਾਂ ਭਾਸ਼ਾਵਾਂ ਵਿਚ ਲੇਖ ਛਾਪੇ ਗਏ।

### ਫਿਲਮ ਦਿਖਾਈ

ਖ਼ਾਲਸਾ ਪ੍ਰਾਇਮਰੀ ਸਕੂਲ ਅਤੇ ਗੁਰੂ ਨਾਨਕ ਰੋਡ ਵਿਖੇ "Battle of Amritsar" ਫ਼ਿਲਮ ਦਿਖਾਈ ਗਈ।

### Exhibitions

Chooldhe Nishaan rehai Panth Maharaj Ke

A display depicting lyricism and discography of selected dharmic-geets from the period immediately after 1984. The range of music showcased is indicative of the sentiments that were held by Sikhs in the UK upon learning of the invasion of Darbar Sahib in June 1984 as well as exploring the level of creativity that was within the community at a time when financial resources for music and recording productions were limited.

Historical 1984 newspaper editions - Des Pardes

A look at original newspapers from 1984 and selected anniversary editions, with a focus on the special 'Shaheedi' edition that was released in mid-June 1984. Selected pages from the latter are reproduced in the exhibition depicting how Gurdwareh the length and breadth of the UK held Akhand Paath Sahibs to honour Sant Jarnail Singh Bhindranwale in the immediate aftermath of June 1984.

### 1984 Booklet

A 24 page, A5-sized colour booklet comprising a timeline of events that transpired in June 1984 and October-November 1984 respectively. These events are contextualised by three articles on this fortieth year anniversary in both English and Punjabi.

### Film Screenings

Multiple showings of the "Battle of Amritsar" film were organised at Khalsa Primary School and Guru Nanak Road, offering educational and cultural insights to the attendees.



# 220+

campers

# SOUTHALL SUMMER CAMP

Camp took place over summer for children aged 8 - 16















# ਸਾਊਥਾਲ ਸਮਰ ਕੈਂਪ

ਸਾਊਥਾਲ ਸਮਰ ਕੈਂਪ 2024 ਵਿਚ 225 ਬੱਚੇ ਸ਼ਾਮਲ ਹੋਏ ਅਤੇ 50 ਵਾਲੰਟੀਅਰਾਂ ਦੀ ਇਕ ਸਮਰਪਿਤ ਟੀਮ ਨੇ ਆਪਣੀ ਮਿਹਨਤ ਨਾਲ ਇਸ ਕੈਂਪ ਨੂੰ ਕਾਮਯਾਬ ਬਣਾਇਆ। ਇਸ ਤਰ੍ਹਾਂ ਇਸ ਸਾਲ ਦਾ ਸਮਰ ਕੈਂਪ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਯਾਦਗਾਰੀ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ।

ਇਸ ਸਾਲ ਦਾ ਕੈਂਪ ਭਾਵਨਾਵਾਂ ਦੇ ਸੰਚਾਰ 'ਤੇ ਫੋਕਸ ਸੀ। ਕੈਂਪ ਥੈਰੇਪਿਸਟਾਂ ਨੇ ਬੱਚਿਆਂ ਨੂੰ ਗੁਰੂ ਸਾਹਿਬਾਨ ਤੋਂ ਪ੍ਰੇਰਨਾ ਲੈਂਦਿਆਂ ਚੜ੍ਹਦੀਕਲਾ ਵਿਚ ਰਹਿਣ ਲਈ ਉਤਸ਼ਾਹਿਤ ਕੀਤਾ।

ਬਾਹਰੀ ਸੰਸਥਾਵਾਂ ਦੀ ਸ਼ਮੂਲੀਅਤ ਕਾਰਨ ਇਹ ਕੈਂਪ ਕਈ ਤਰ੍ਹਾਂ ਦੀਆਂ ਦਿਲਚਸਪ ਗਤੀਵਿਧੀਆਂ ਵਾਲਾ ਰਿਹਾ। ਜਿਨ੍ਹਾਂ ਵਿਚੋਂ ਪ੍ਰਮੁੱਖ ਤੌਰ 'ਤੇ ਦਿਲਚਸਪ ਬਾਜ਼ ਡਿਸਪਲੇ, ਕਵਿਤਾ ਪੜ੍ਹਣ, ਭਾਸ਼ਣ, ਥਿਏਟਰ ਪੇਸ਼ਕਾਰੀ, ਕਲੇਅ ਮੋਲਡਿੰਗ ਵਰਕਸ਼ਾਪ, Treasure Hunt ਅਤੇ Lively Nerf Gun ਗੇਮਜ਼ ਸ਼ਾਮਲ ਸਨ। ਇਨ੍ਹਾਂ ਗਤੀਵਿਧੀਆਂ ਨੇ ਹਰ ਸੈਸ਼ਨ ਨੂੰ ਦਿਲਚਸਪ ਬਣਾਇਆ ਅਤੇ ਸਿੱਖਣ ਵਿਚ ਬੱਚਿਆਂ ਦੀ ਰੁਚੀ ਨੂੰ ਵਧਾਉਣ ਦਾ ਕੰਮ ਕੀਤਾ।

ਅਸੀਂ ਕੈਂਪ ਨੂੰ ਸਿਰੇ ਚੜ੍ਹਾਉਣ ਵਾਲੇ ਵਲੰਟੀਅਰਾਂ ਅਤੇ ਬਾਹਰ ਦੇ ਸਾਥੀਆਂ ਦੇ ਤਹਿ-ਦਿਲੋਂ ਧੰਨਵਾਦੀ ਹਾਂ। ਫਾਲਕਨਰੀ ਟੀਮ, ਡਿਫੈਂਸ ਸਿੱਖ ਨੈੱਟਵਰਕ, ਆਰ.ਏ.ਐਫ. ਏਅਰ ਕੈਡੇਟਸ, ਕਵੀਆਂ, ਵਿੱਤੀ ਪੇਸ਼ੇਵਰਾਂ, ਖੇਡ ਇੰਸਟ੍ਰਕਟਰਾਂ, ਫੋਟੋਗ੍ਰਾਫਰਾਂ, ਫਿਲਮ ਨਿਰਮਾਤਾਵਾਂ, ਥੈਰੇਪਿਸਟਾਂ, ਅਤੇ ਕਲਾਕਾਰਾਂ ਦਾ ਵਿਸ਼ੇਸ਼ ਧੰਨਵਾਦ ਜਿਨ੍ਹਾਂ ਨੇ ਕੈਂਪ ਦੌਰਾਨ ਵੱਖ-ਵੱਖ ਸੈਸ਼ਨਾਂ ਦੀ ਅਗਵਾਈ ਕੀਤੀ।

ਇਸ ਸਾਲ ਕੈਂਪ ਦੀ ਸਫਲਤਾ ਸਬੰਧੀ ਮਾਪਿਆਂ ਦੀ ਚੰਗੀ ਫੀਡਬੈਕ ਨੇ ਸਾਨੂੰ ਕਾਫੀ ਉਤਸ਼ਾਹਿਤ ਕੀਤਾ ਹੈ। ਇਸ ਤਰ੍ਹਾਂ ਸਾਊਥਾਲ ਸਮਰ ਕੈਂਪ ਚੰਗੇ ਗੁਣਾਂ ਨੂੰ ਸਿੱਖਣ, ਮਨੋਰੰਜਨ ਅਤੇ ਐਕਟੀਵਿਟੀਜ਼ ਦੇ ਵਧੀਆ ਮੌਕੇ ਵਜੋਂ ਯਾਦਗਾਰੀ ਬਣਦਾ ਹੋਇਆ ਸਾਡੇ ਲਈ ਅਗਲੇ ਸਾਲ ਦੇ ਕੈਂਪ ਨੂੰ ਹੋਰ ਜ਼ਿਆਦਾ ਮਿਹਨਤ ਨਾਲ ਸਫਲ ਬਣਾਉਣ ਲਈ ਉਤਸ਼ਾਹ ਵਾਲਾ ਰਿਹਾ।

# SOUTHALL SUMMER CAMP

Southall Summer Camp 2024 was an incredible success, welcoming 225 children and supported by a dedicated team of 50 volunteers. This year's camp delivered a unique blend of fun and interactive learning, leaving a lasting impression on both the children and their parents.

The focus this year was on emotional regulation, approached creatively and thoughtfully. Children were guided through these Guru-inspired lessons by the camp therapist, ensuring that emotional wellbeing remained central to all activities. This was reinforced by the camp song, *"I Love My Guru,"* which played a key role in promoting Gurmat, self-reflection, and emotional balance.

The camp was packed with a diverse range of exciting activities, thanks to the involvement of external organisations. Highlights included thrilling falconry displays, poetry readings, an author talk, a cinema screening, clay moulding workshops, a treasure hunt, and lively Nerf gun games. These activities ensured that learning was enjoyable and engaging, with fun at the heart of every session.

We are immensely grateful to the volunteers and external partners who made the camp possible. Special thanks go to the falconry team, Defence Sikh Network, RAF Air Cadets, poets, finance professionals, sports instructors, photographers, filmmakers, therapists, and artists who led various sessions throughout the camp.

The camp continued its tradition of house system, unique to Southall Summer Camp. In a close contest, the House of Baaj claimed victory, overcoming the House of Neela and the House of Sher.

With overwhelmingly positive feedback from parents, we are humbled by this year's success. Southall Summer Camp's groundbreaking approach to fun-focused, interactive learning has been hugely successful, and we look forward to building on this for years to come.

# ਖੇਡ ਕੈਂਪ

# SPORTS CAMP

ਸਿੰਘ ਸਭਾ ਸਪੋਰਟਸ ਕੈਂਪ ਵਿਚ 19 ਅਗਸਤ ਤੋਂ 23 ਅਗਸਤ ਤੱਕ ਬੜੇ ਉਤਸ਼ਾਹ ਨਾਲ 60 ਬੱਚਿਆਂ ਨੇ ਹਿੱਸਾ ਲਿਆ। ਕੈਂਪ ਵਿਚ ਫੁੱਟਬਾਲ, ਡੌਂਜਬਾਲ, ਕ੍ਰਿਕੇਟ ਅਤੇ ਐਥਲੈਟਿਕਸ ਸਮੇਤ ਵੱਖ-ਵੱਖ ਖੇਡ ਗਤੀਵਿਧੀਆਂ ਸ਼ਾਮਲ ਸਨ। ਇਸ ਕੈਂਪ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਬੜੇ ਚੰਗੇ ਮਾਹੌਲ ਵਿਚ ਆਪਣੀ ਕਲਾ ਦੇ ਜੌਹਰ ਵਿਖਾਉਣ ਦਾ ਸੁਨਹਿਰੀ ਮੌਕਾ ਮਿਲਿਆ।

ਕੈਂਪ ਦੇ ਵਿਲੱਖਣ ਗੁਣਾਂ ਵਿਚੋਂ ਇਕ ਇਸ ਦੀ ਸਾਂਝੀ ਪਹੁੰਚ ਹੈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਸਾਰੇ ਬੱਚੇ ਆਪਣੀ ਖੇਡ ਯੋਗਤਾ ਨੂੰ ਪਾਸੇ ਰੱਖਦਿਆਂ ਆਪਣੀ ਕਾਬਲੀਅਤ ਵਧਾਉਣ ਲਈ ਇਸ ਵਿਚ ਸ਼ਾਮਲ ਹੋ ਸਕਦੇ ਹਨ। ਪੂਰੇ ਹਫ਼ਤੇ ਦੌਰਾਨ, ਟੀਮ ਵਰਕ ਅਤੇ ਆਪਸੀ ਸਹਿਯੋਗ 'ਤੇ ਜ਼ੋਰ ਦਿੱਤਾ ਗਿਆ, ਜਿਸ ਤੋਂ ਪ੍ਰੇਰਨਾ ਲੈ ਕੇ ਵੱਡੀ ਉਮਰ ਦੇ ਬੱਚੇ ਛੋਟੇ ਬੱਚਿਆਂ ਦੀ ਅਗਵਾਈ ਅਤੇ ਸਹਾਇਤਾ ਕਰਨ ਲਈ ਅੱਗੇ ਆਏ। ਅਜਿਹੇ ਖੁਸ਼ਗਵਾਰ ਮਾਹੌਲ ਨੇ ਨਾ-ਸਿਰਫ਼ ਬੱਚਿਆਂ ਨੂੰ ਸਰੀਰਕ ਗਤੀਵਿਧੀਆਂ ਲਈ ਉਤਸ਼ਾਹਿਤ ਹੀ ਕੀਤਾ, ਸਗੋਂ ਆਪਸ ਵਿਚ ਵੀ ਮਜ਼ਬੂਤ ਸਮਾਜਿਕ ਮੇਲ-ਮਿਲਾਪ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕੀਤੀ।

ਇਸ ਹਫ਼ਤੇ ਦੀ ਅਸਲ ਖ਼ਾਸੀਅਤ ਬੱਚਿਆਂ ਦੀ ਖੁਸ਼ੀ ਅਤੇ ਉਤਸ਼ਾਹ ਨੂੰ ਦੇਖਣਾ ਸੀ ਕਿਉਂਕਿ ਉਹ ਵੱਖ-ਵੱਖ ਗਤੀਵਿਧੀਆਂ ਵਿਚ ਸ਼ਾਮਲ ਸਨ। ਉਨ੍ਹਾਂ ਦੇ ਚਿਹਰਿਆਂ ਦੀ ਮੁਸਕਰਾਹਟ ਅਤੇ ਹਾਸੇ ਕੈਂਪ ਦੀ ਸਫਲਤਾ ਦਾ ਸਬੂਤ ਸਨ।

From August 19th to 23rd, the Singh Saba Sports Camp welcomed 60 enthusiastic children for a dynamic week filled with sports and excitement. The camp featured a diverse range of activities, including football, dodgeball, cricket, and athletics, providing ample opportunities for participants to showcase their skills in a supportive and enjoyable environment.

One of the camp's standout qualities is its inclusive approach, ensuring that all children, regardless of their athletic ability, could fully participate and thrive. Throughout the week, teamwork and collaboration were emphasised, with older children stepping up to guide and assist the younger ones. This nurturing environment fostered not only physical activity but also strong social interactions, creating a sense of community and camaraderie among the participants.

The true highlight of the week was seeing the joy and enthusiasm of the children as they engaged in the various activities. Their smiles and laughter were a testament to the camp's success in providing a fun, active, and inclusive experience for all.



**£140K**

Funded over 3 years

# OXFORD UNIVERSITY LAUNCHES JUNIOR RESEARCH FELLOWSHIP

## ਆਕਸਫੋਰਡ ਯੂਨੀਵਰਸਿਟੀ ਵਲੋਂ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਦੀ ਸਥਾਪਨਾ ਦਾ ਇਤਿਹਾਸਕ ਐਲਾਨ

ਲੰਡਨ, 22 ਅਗਸਤ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵਲੋਂ ਇਕ ਇਤਿਹਾਸਕ ਫ਼ੈਸਲਾ ਲੈਂਦਿਆਂ ਪੰਜਾਬ ਅਤੇ ਸਿੱਖਾਂ ਨਾਲ ਸੰਬੰਧਿਤ ਵਿਸ਼ਿਆਂ ਉੱਤੇ ਖੋਜਾਂ ਲਈ ਵੂਲਫਸਨ ਕਾਲਜ ਵਿਖੇ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਦੀ ਸਥਾਪਨਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਉਪਰਾਲਾ ਬਰਤਾਨੀਆ ਦੀ ਪ੍ਰਮੁੱਖ ਸਿੱਖ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਵਿਸ਼ੇਸ਼ ਯੋਗਦਾਨ ਨਾਲ ਸਫ਼ਲ ਹੋਇਆ ਹੈ। ਵੱਖ-ਵੱਖ ਦੱਖਣ ਏਸ਼ੀਅਨ ਭਾਸ਼ਾਵਾਂ, ਸਾਹਿਤ, ਸੱਭਿਆਚਾਰ, ਅਰਥ ਸ਼ਾਸਤਰ ਅਤੇ ਸਮਾਜਿਕ ਵਿਸ਼ਿਆਂ ਨਾਲ ਸੰਬੰਧਿਤ ਖੋਜਾਂ ਲਈ ਮਸ਼ਹੂਰ ਵੂਲਫਸਨ ਕਾਲਜ ਵਲੋਂ ਸਿੱਖ ਧਰਮ ਅਤੇ ਪੰਜਾਬ ਨਾਲ ਸੰਬੰਧਿਤ ਖੋਜਾਂ ਦੀ ਲੋੜ ਨੂੰ ਮਾਨਤਾ ਮਿਲਣੀ ਆਪਣੇ-ਆਪ ਵਿਚ ਮਹੱਤਵਪੂਰਨ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਹਿੰਮਤ ਸਿੰਘ ਸੋਹੀ ਨੇ ਕਿਹਾ ਕਿ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ ਨੂੰ ਮੁਢਲੇ ਤਿੰਨ ਸਾਲਾਂ ਲਈ ਸ਼ੁਰੂ ਕਰਨ ਵਾਸਤੇ ਕੁੱਲ 1 ਲੱਖ 80 ਹਜ਼ਾਰ ਪੌਂਡ ਵਿਚੋਂ ਸਭ ਤੋਂ ਵੱਧ ਲਗਪਗ 1 ਲੱਖ 40 ਹਜ਼ਾਰ ਪੌਂਡ ਦਾ ਯੋਗਦਾਨ ਇਕੱਲਿਆਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਸੰਗਤ ਨੇ ਪਾਇਆ ਹੈ। ਜੋ ਸਾਡੇ ਲਈ ਮਾਣ ਵਾਲੀ ਗੱਲ ਹੈ। ਸਿੰਘ ਸਭਾ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ ਨੇ ਕਿਹਾ ਕਿ ਸਿੱਖਿਆ ਮੁੱਢ ਤੋਂ ਹੀ ਸਿੰਘ ਸਭਾ ਲਹਿਰ ਦਾ ਆਧਾਰ ਰਹੀ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਵਿੱਦਿਅਕ ਯਤਨਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਸਿੰਘ ਸਭਾ ਵਲੋਂ ਕੀਤੇ ਜਾਂਦੇ ਕਾਰਜਾਂ 'ਤੇ ਚਾਨਣਾ ਪਾਉਂਦਿਆਂ ਭਵਿੱਖ ਵਿਚ ਵਧੇਰੇ ਸਰਗਰਮ ਰੂਪ ਵਿਚ ਤਤਪਰ ਹੋਣ ਦਾ ਵਾਅਦਾ ਕੀਤਾ। ਵੂਲਫਸਨ ਕਾਲਜ ਦੇ ਵਿਕਾਸ ਡਾਇਰੈਕਟਰ ਅਤੇ ਗਵਰਨਿੰਗ ਬਾਡੀ ਫੈਲੋ ਡਾ. ਹਿਊ ਡੇਵਿਡ ਨੇ ਸਿੰਘ ਸਭਾ ਸਾਊਥਾਲ ਵਲੋਂ ਫੈਲੋਸ਼ਿਪ ਵਿਚ ਅਹਿਮ ਸਹਾਇਤਾ ਲਈ ਧੰਨਵਾਦ ਕਰਦਿਆਂ ਆਖਿਆ ਕਿ ਇਹ ਪਰਉਪਕਾਰੀ ਉਪਰਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਪਰੰਪਰਾਵਾਂ ਦੀ ਅਕਾਦਮਿਕ ਖੋਜ ਅਤੇ ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਸਾਬਤ ਹੋਵੇਗਾ। ਇਥੇ ਦੱਸਣਯੋਗ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਸਾਲ 1960 ਵਿਚ ਸਥਾਪਿਤ ਕੀਤੀ ਗਈ, ਜੋ ਇੰਗਲੈਂਡ ਅਤੇ ਵੇਲਜ਼ ਵਿਚ ਇਕ ਰਜਿਸਟਰਡ ਚੈਰਿਟੀ ਹੈ। ਇਹ ਸਿੱਖ ਸੰਸਥਾ ਭਾਰਤ ਤੋਂ ਬਾਹਰ ਸਭ ਤੋਂ ਵੱਡੀਆਂ ਸਿੱਖ ਸੰਸਥਾਵਾਂ ਵਿਚੋਂ ਇਕ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮਿਸ਼ਨ ਵਿਚ ਸਿੱਖ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਨੂੰ ਪ੍ਰਫੁੱਲਿਤ ਕਰਨ ਦੇ ਨਾਲ-ਨਾਲ ਸਿੱਖ ਭਾਈਚਾਰੇ ਦੀ ਭਲਾਈ, ਆਰਥਿਕ ਵਿਕਾਸ ਅਤੇ ਵਿੱਦਿਅਕ ਤਰੱਕੀ ਨੂੰ ਉਤਸ਼ਾਹਿਤ ਕਰਨਾ ਮੁੱਖ ਤੌਰ 'ਤੇ ਸ਼ਾਮਿਲ ਹੈ।





ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਆਕਸਫੋਰਡ ਯੂਨੀਵਰਸਿਟੀ।

ਤਸਵੀਰਾਂ : ਮਨਪ੍ਰੀਤ ਸਿੰਘ ਬੱਧਨੀ ਕਲਾਂ

Source: Ajit Jalandar

# ਆਕਸਫੋਰਡ ਯੂਨੀਵਰਸਿਟੀ ਗੁਰੂ ਨਾਨਕ ਜੂਨੀਅਰ ਰੀਸਰਚ ਫੈਲੋਸ਼ਿਪ

ਵੱਖ-ਵੱਖ ਸਾਊਥ ਏਸ਼ੀਅਨ ਭਾਸ਼ਾਵਾਂ, ਸਾਹਿਤ, ਸੱਭਿਆਚਾਰ, ਅਰਥ ਸ਼ਾਸਤਰ ਅਤੇ ਸਮਾਜਿਕ ਵਿਸ਼ਿਆਂ ਨਾਲ ਸਬੰਧਿਤ ਖੋਜਾਂ ਲਈ ਮਸ਼ਹੂਰ ਵੂਲਫਸਨ ਕਾਲਜ ਵਲੋਂ ਸਿੱਖ ਧਰਮ ਅਤੇ ਪੰਜਾਬ ਨਾਲ ਸਬੰਧਿਤ ਖੋਜਾਂ ਦੀ ਲੋੜ ਨੂੰ ਮਾਨਤਾ ਮਿਲਣੀ ਆਪਣੇ ਆਪ ਵਿਚ ਮਹੱਤਵਪੂਰਨ ਹੈ।

ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਦੇ ਪ੍ਰਧਾਨ ਸ. ਹਿੰਮਤ ਸਿੰਘ ਸੋਹੀ ਨੇ ਗੁਰੂ ਨਾਨਕ ਜੂਨੀਅਰ ਰੀਸਰਚ ਫੈਲੋਸ਼ਿਪ ਨੂੰ ਮੁੱਢਲੇ ਤਿੰਨ ਸਾਲਾਂ ਲਈ ਸ਼ੁਰੂ ਕਰਨ ਵਾਸਤੇ ਕੁੱਲ 1 ਲੱਖ 80 ਹਜ਼ਾਰ ਬਰਤਾਨਵੀ ਪੌਂਡ ਦੀ ਸਫਲ ਫੰਡਰੇਜਿੰਗ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ, ਜਿਸ ਵਿਚ ਸਭ ਤੋਂ ਵੱਧ ਲਗਪਗ 1 ਲੱਖ 40 ਹਜ਼ਾਰ ਬਰਤਾਵਨੀ ਪੌਂਡ ਦਾ ਯੋਗਦਾਨ ਇਕੱਲਿਆਂ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਦੀ ਸੰਗਤ ਨੇ ਪਾਇਆ ਹੈ। ਉਨ੍ਹਾਂ ਕਿਹਾ ਕਿ ਇਸ ਫੈਲੋਸ਼ਿਪ ਦੀ ਸ਼ੁਰੂਆਤ ਵਿਚ ਮਹੱਤਵਪੂਰਨ ਯੋਗਦਾਨ ਪਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ।

ਸਿੰਘ ਸਭਾ ਦੇ ਮੀਤ ਪ੍ਰਧਾਨ ਸ. ਭਿੰਡਰ ਨੇ ਕਿਹਾ ਕਿ ਸਿੱਖਿਆ ਮੁੱਢ ਤੋਂ ਹੀ ਸਿੰਘ ਸਭਾ ਲਹਿਰ ਦਾ ਆਧਾਰ ਰਹੀ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਗਿੱਲ ਨੇ ਵਿੱਦਿਅਕ ਯਤਨਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਸਿੰਘ ਸਭਾ ਵਲੋਂ ਕੀਤੇ ਜਾਂਦੇ ਕਾਰਜਾਂ 'ਤੇ ਚਾਨਣਾ ਪਾਉਂਦਿਆਂ ਭਵਿੱਖ ਵਿਚ ਵਧੇਰੇ ਸਰਗਰਮ ਰੂਪ ਵਿਚ ਤਤਪਰ ਹੋਣ ਦਾ ਵਾਅਦਾ ਕੀਤਾ।

ਵੂਲਫਸਨ ਕਾਲਜ ਦੇ ਵਿਕਾਸ ਡਾਇਰੈਕਟਰ ਅਤੇ ਗਵਰਨਿੰਗ ਬਾਡੀ ਫੈਲੋ ਡਾ. ਹਿਊ ਡੇਵਿਡ ਨੇ ਸਿੰਘ ਸਭਾ ਸਾਊਥਹਾਲ ਵਲੋਂ ਫੈਲੋਸ਼ਿਪ ਵਿਚ ਅਹਿਮ ਸਹਾਇਤਾ ਲਈ ਧੰਨਵਾਦ ਕਰਦਿਆਂ ਆਖਿਆ ਕਿ ਇਹ ਪਰਉਪਕਾਰੀ ਉਪਰਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਪਰੰਪਰਾਵਾਂ ਦੀ ਅਕਾਦਮਿਕ ਖੋਜ ਅਤੇ ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਸਾਬਤ ਹੋਵੇਗਾ।

Punjab

Akal Takht Jathedar congratulates all Sikhs for establishment of Guru Nanak Junior Research Fellowship for studies by the Oxford University

AMRIK SINGH | August 23, 2024 09:08 PM

# JUNIOR RESEARCH FELLOWSHIP AT OXFORD UNIVERSITY

The Sabha is honoured to have contributed to the establishment of the Guru Nanak Junior Research Fellowship at Wolfson College, University of Oxford. Akal Takht Jathedar congratulates all Sikhs for establishment of Guru Nanak Junior Research Fellowship for studies by the Oxford University.

This fellowship, made possible through a collaborative effort, including our fundraising contribution of c.£140k from our Sangat, will support a stipendiary Junior Research Fellow focused on the study of Punjab's culture from circa 1450CE to the present, with particular emphasis on the teachings and traditions established by Guru Nanak.

This initiative marks a significant achievement in our ongoing commitment to education and the dissemination of Guru Nanak Dev Ji's teachings. The fellowship will be funded for an initial three-year period, thanks in part to a generous donation from the Sangat of Singh Sabha Southall.

President Himmat Singh Sohi, on behalf of the entire Sabha expressed pride in this accomplishment, stating, "This fellowship is a testament to our dedication to Sikh education and heritage." Vice President Bhinder added, "Our support of this initiative reflects the enduring legacy of the Singh Sabha movement in advancing education."

General Secretary Harmeet Singh Gill highlighted the Sabha's dedication to disseminating the teachings of Sri Guru Nanak Dev Ji through educational endeavours, underscoring the Sabha's commitment to this principle.

Dr Huw David, Development Director and Governing Body Fellow of Wolfson College, expressed his gratitude to Singh Sabha Southall. "This philanthropic gesture significantly contributes to the academic exploration and preservation of Guru Nanak's teachings and traditions," said Dr David.

WOLFSON
COLLEGE
UNIVERSITY OF OXFORD

Mr Harmeet Singh Gill,
General Secretary,
Gurdwara Sri Guru Singh Sabha Southall,
2-8 Park Avenue,
Southall,
Middlesex,
UB1 3AG

17th July 2024

Dear Mr Gill

I write on behalf of Wolfson College to express the College's gratitude to the Trustees of the Gurdwara Sri Guru Singh Sabha Southall for the Gurdwara's generosity in its support of the Guru Nanak Junior Research Fellowship.

Through the Gurdwara's philanthropy and that of so many well-wishers to the furtherance of the teachings of and the traditions established by Guru Nanak, I am delighted to report that Wolfson College has succeeded in raising the sum needed to fund this welcome initiative for three years. Thank you.

Wolfson College has a long and proud history of the study of South Asia, its languages and literature, cultures, agriculture, economics, and social dynamics. The expertise of colleagues such as Barbara Harriss-White, Nikita Sud, and Nayanika Mathur and the many graduate students at Wolfson working under their supervision ensures this vibrant tradition continues to this day. The study of the Sikh faith and teachings and of Punjab more widely has, however, been an understudied field across Oxford, and the Guru Nanak Junior Research Fellow will play a significant role in addressing this.

We look forward to recruiting an excellent recipient to hold the Fellowship and undertake this important work.

With best wishes,

Sir Tim Hitchens, KCVO, CMG
President

Linton Road, Oxford, OX2 6UD, UK | T: +44 (0)1865 274101 | E: presidents.office@wolfson.ox.ac.uk
www.wolfson.ox.ac.uk

# ਸਿੱਖਰੁਹਾਨੀ ਸੰਗੀਤ ਦਾ ਪੇਪਰ

ਸਿੱਖ ਰੁਹਾਨੀ ਸੰਗੀਤ ਦਾ ਪੇਪਰ ਕੌਮਾਂਤਰੀ ਤੌਰ ਤੇ ਮਾਨਤਾ ਪ੍ਰਾਪਤ ਪੇਪਰ ਹੈ ਜੋ ਐਮ-ਟੀ-ਬੀ ਵੱਲੋਂ ਮਾਨਤਾ ਪਰਾਪਤ ਹੈ। ਇਸਦਾ ਪੱਧਰ ਵਾਈਲਨ ਅਤੇ ਪਿਆਨੋ ਦੇ ਪੇਪਰਾਂ ਦੀ ਪੱਧਰ ਦਾ ਹੈ। ਇਸ ਪੇਪਰ ਦੇ ਵਿਦਿਆਰਥੀਆਂ ਨੂੰ ਕੌਮਾਂਤਰੀ ਮਾਨਤਾ ਪਰਾਪਤ ਪੱਧਰਾਂ ਵਿੱਚੋਂ ਲੰਘਦੇ ਹੋਏ ਹੀ ਇਸ ਵਿੱਚ ਬੈਠਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

ਅਸੀਂ ਚਾਹੁੰਦੇ ਹਾਂ ਕਿ ਯੂਕੇ ਦੇ ਹਰ ਗੁਰਦੁਆਰਾ ਸਾਹਿਬਾਨ ਨੂੰ ਇਹ ਪੇਪਰ ਅਰੰਭ ਕਰਨਾ ਚਾਹੀਦਾ ਹੈ ਤਾਂ ਕਿ ਇੱਛਾਵਾਨ ਸਿੱਖਾਂ ਨੂੰ ਗੁਰਮਤ ਸੰਗੀਤ ਨਾਲ ਜੋੜਿਆ ਜਾਸਕੇ।

# SIKH SACRED MUSIC EXAM

The Sikh Sacred Music Exam is a pioneering and internationally recognised examination system. Accredited by MTB, a globally respected music examining body, this exam holds the same prestige and value as the renowned piano and violin exams.

For the first time, learners can progress through a structured and well-organised curriculum, culminating in a qualification that is widely recognised. Additionally, the exam offers UCAS tariff points, supporting university entry.

We aspire for every Gurdwara in the UK to prepare students for these exams. To mark this milestone, we are delighted to invite you to the official launch of the Sikh Sacred Music Exam.






# ਪੰਥਕ ਸੈਮੀਨਾਰ

ਸਿੰਘ ਸਭਾ ਸਾਊਥਾਲ ਵਿਖੇ ਕੌਮ ਦੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਅਤੇ ਭਾਈ ਮਹਿਰਾਜ ਸਿੰਘ ਜੀ ਬਾਰੇ ਸੈਮੀਨਾਰ ਕਰਵਾਏ ਗਏ ਜਿਨ੍ਹਾਂ ਰਾਹੀਂ ਕੌਮ ਨੂੰ ਸਾਡੇ ਮਹਾਨ ਯੋਧਿਆਂ ਦੀ ਘਾਲਣਾਂ, ਬਹਾਦਰੀ ਅਤੇ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ਗਈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਜਨਰਲ ਹਰੀ ਸਿੰਘ ਨਲੂਆ ਸਾਡੀ ਕੌਮ ਦੇ ਮਹਾਨ ਜਰਨੈਲ ਸਨ ਜਿਨ੍ਹਾਂ ਨੇ ਸਾਡੇ ਕੌਮੀ ਰਾਜ ਦੀਆਂ ਹੱਦਾਂ ਦੀ ਰਾਖੀ ਨੂੰ ਪੰਥਕ ਦਰਦ ਅਤੇ ਪੰਥਕ ਭਾਵਨਾ ਨਾਲ ਨਿਭਾਉਂਦਿਆਂ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾਂ ਦੀ ਬਹਾਦਰੀ ਅਤੇ ਯੁਧਕਲਾ ਨੂੰ ਸਿੱਖ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਨਾਲ ਲਿਖਿਆ ਹੋਇਆ ਹੈ।

ਬਰਤਾਨਵੀ ਬਸਤੀਵਾਦ ਦੌਰਾਨ ਸਿੱਖ ਰਾਜ ਲਈ ਸੰਘਰਸ਼ ਕਰਨ ਵਾਲੇ ਮਹਾਨ ਯੋਧੇ ਭਾਈ ਮਹਿਰਾਜ ਸਿੰਘ ਨੂੰ ਵੀ ਸਿੱਖ ਇਤਿਹਾਸ ਵਿਚ ਸਤਕਾਰ ਅਤੇ ਸ਼ਰਧਾ ਨਾਲ ਦੇਖਿਆ ਜਾਂਦਾ ਹੈ। ਇਨ੍ਹਾਂ ਸੈਮੀਨਾਰਾਂ ਦੌਰਾਨ ਭਾਈ ਸਾਹਿਬ ਦੀ ਦਲੇਰੀ ਅਤੇ ਖਾਲਸਾ ਰਾਜਦੀ ਰੀਝ ਨੂੰ ਯਾਦ ਕੀਤਾ ਗਿਆ। ਇਨ੍ਹਾਂ ਸੈਮੀਨਾਰਾਂ ਨੇ ਸਿੱਖ ਕਦਰਾਂ ਕੀਮਤਾਂ ਬਾਰੇ ਕੌਮ ਨੂੰ ਜਾਣਕਾਰੀ ਮੁਹੱਈਆ ਕਰਵਾਈ।




# PANTHIC SEMINARS

Panthic Seminars were held at Park Avenue Gurdwara to commemorate the significant contributions of General Hari Singh Nalwa and Bhai Maharaj Singh, two towering figures in Sikh history. The lectures provided in-depth discussions on the lives and legacies of these revered individuals.

General Hari Singh Nalwa, a legendary commander in the Sikh Empire under Maharaja Ranjit Singh, was celebrated for his military prowess and pivotal role in expanding and defending the empire's borders, particularly in the northwest region. His strategic acumen and bravery in battles have left an indelible mark on Sikh history.

Bhai Maharaj Singh, known for his spiritual leadership and dedication to the Sikh cause during the British colonial period, was also honored during the seminars. His contributions, especially his role in the resistance against British rule and his unwavering commitment to Sikh principles, were highlighted in the talks.

These seminars provided a platform to reflect on the enduring impact of these historical figures and their relevance to contemporary Sikh identity and values.



# ਅਨੰਦ ਕਾਰਜ ਕੋਰਸ

2023 ਵਿੱਚ ਅਸੀਂ ਨੌਜਵਾਨਾਂ ਨੂੰ ਅਨੰਦ ਕਾਰਜ ਬਾਰੇ ਜਾਣਕਾਰੀ ਦੇਣ ਲਈ ਇੱਕ ਕੋਰਸ ਅਰੰਭ ਕੀਤਾ ਸੀ।ਉਹ ਜੋੜੇ ਜਿਹੜੇ ਆਪਣਾਂ ਅਨੰਦ ਕਾਰਜ ਸਿੰਘ ਸਭਾ ਸਾਊਥਾਲ ਵਿੱਚ ਕਰਵਾਉਣਾਂ ਚਾਹੁੰਦੇ ਹਨ ਉਨ੍ਹਾਂ ਨੂੰ ਇਸ ਸਬੰਧੀ ਜਾਣੂੰ ਕਰਵਾਇਆ ਜਾਂਦਾ ਹੈ। ਇਸ ਕੋਰਸ ਦਾ ਮਤਲਬ ਨੌਜਵਾਨ ਬੱਚੇ ਨੂੰ ਅਨੰਦ ਕਾਰਜ ਦੀ ਰੁਹਾਨੀ ਮਹੱਤਤਾ ਅਤੇ ਇਸ ਨਾਲ ਜੁੜੀਆਂ ਸਿੱਖ ਰਵਾਇਤਾਂ ਦੀ ਜਾਣਕਾਰੀ ਦੇਣਾਂ ਹੈ।

ਹਰ ਮਹੀਨੇ ਸਿੰਘ ਸਭਾ ਵਿੱਚ ਹੋਣ ਵਾਲੇ ਇਸ ਕੋਰਸ ਵਿੱਚ ਨੌਜਵਾਨਾਂ ਨੂੰ ਸਿੱਖ ਰਹੁ-ਰੀਤਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਕੋਰਸ ਵਿੱਚ ਹਰ ਮਹੀਨੇ 50 ਜੋੜੇ ਸ਼ਾਮਲ ਹੁੰਦੇ ਹਨ ਅਤੇ ਜਾਣ ਕਾਰੀ ਹਾਸਲ ਕਰਦੇ ਹਨ।ਇਹ ਕੋਰਸ ਜਿੱਥੇ ਨੌਜਵਾਨਾਂ ਨੂੰ ਅਨੰਦ ਕਾਰਜ ਦੀ ਰਸਮ ਬਾਰੇ ਜਾਣਕਾਰੀ ਦੇਂਦਾ ਹੈ ਉੱਥੇ ਹੀ ਇਨ੍ਹਾਂ ਨੂੰ ਸਿੱਖ ਰਵਾਇਤਾਂ ਬਾਰੇ ਵੀ ਜਾਣੂੰ ਕਰਵਾਉਂਦਾ ਹੈ।

# ANAND KARAJ COURSE

In 2023, we successfully launched and implemented mandatory Anand Karaj courses for all couples planning to have their Anand Karaj ceremony at the Sabha. This initiative aims to provide couples with a deep understanding of the sacred Sikh marriage ceremony, including the traditions, procedures, and protocols involved.

Held monthly at Gurdwara Sri Guru Singh Sabha Southall, the Anand Karaj Course offers a unique opportunity for participants to immerse themselves in the rich customs and spiritual significance of the Anand Karaj. Led by experienced instructors, the course has been met with great enthusiasm, with over 50 individuals attending each session.

This initiative not only enriches the couples' understanding of the ceremony but also reinforces the importance of these traditions in the Sikh faith.

For more details, a copy of the Sabha's policy is available at sgsss.org/anandkaraj.







110+

attendees

# 2024 GENERAL ELECTION HUSTINGS

with those standing for MP in Ealing-Southall



# ਹੌਸਟਿੰਗਜ਼

ਸਾਊਥਾਲ ਕਮਿਊਨਿਟੀ ਦਾ ਹਿੱਸਾ ਹੋਣ ਨਾਤੇ ਸਭਾ ਵਲੋਂ ਆਪਣੀ ਅਹਿਮ ਭੂਮਿਕਾ ਨਿਭਾਉਂਦਿਆਂ, ਹਾਲ ਹੀ ਦੌਰਾਨ ਹੋਈਆਂ ਜਨਰਲ ਚੋਣਾਂ ਵਿਚ ਪਾਰਲੀਮੈਂਟ ਉਮੀਦਵਾਰਾਂ ਲਈ ਇਕ ਹੌਸਟਿੰਗ ਸਮਾਗਮ ਕਰਵਾਇਆ ਗਿਆ। ਇਵੈਂਟ ਵਿਚ ਲਗਭਗ ਸਾਰੇ ਉਮੀਦਵਾਰ ਸ਼ਾਮਲ ਹੋਏ ਅਤੇ ਸਥਾਨਕ ਨਿਵਾਸੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਸਭਾ ਨੇ ਹੀ ਇਸ ਈਵੈਂਟ ਦੀ ਮੇਜ਼ਬਾਨੀ ਅਤੇ ਪ੍ਰਧਾਨਗੀ ਕੀਤੀ। ਇਸ ਸਮਾਗਮ ਨੇ ਲੋਕ ਨੁਮਾਇੰਦਿਆਂ ਤੱਕ ਸਾਡੇ ਭਾਈਚਾਰੇ ਦੀ ਸਿੱਧੀ ਆਵਾਜ਼ ਪਹੁੰਚਾਉਣ ਲਈ ਇਕ ਪਲੇਟਫਾਰਮ ਵਜੋਂ ਕੰਮ ਕੀਤਾ।

ਚੋਣਾਂ ਤੋਂ ਬਾਅਦ, Deidre Costigan ਜੇਤੂ ਬਣ ਕੇ ਉਭਰੇ ਅਤੇ ਉਹ ਹੁਣ ਸਭਾ ਦੇ ਸਹਿਯੋਗ ਨਾਲ ਸਾਡੇ ਭਾਈਚਾਰੇ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੇ ਹਨ। ਉਨ੍ਹਾਂ ਪਹਿਲਾਂ ਵੀ ਪਾਰਲੀਮੈਂਟ ਵਿਚ ਗੁਰਦੁਆਰਾ ਸਾਹਿਬ ਗੁਰੂ ਨਾਨਕ ਰੋਡ ਦੇ ਆਲੇ-ਦੁਆਲੇ ਸਮਾਜ ਵਿਰੋਧੀ ਕਾਰਵਾਈਆਂ ਦਾ ਮੁੱਦਾ ਚੁੱਕਿਆ ਸੀ।

ਇਸ ਮਹੱਤਵਪੂਰਨ ਸਿਆਸੀ ਮੀਲ ਪੱਥਰ ਨੂੰ ਮਾਨਤਾ ਦਿੰਦੇ ਹੋਏ, ਸਭਾ ਨੇ ਸਰ Keir Starmer ਨੂੰ ਨਵੀਂ ਸਰਕਾਰ ਬਣਾਉਣ 'ਤੇ ਵਧਾਈ ਵੀ ਦਿੱਤੀ। ਪ੍ਰਧਾਨ ਮੰਤਰੀ ਦਫ਼ਤਰ ਵਲੋਂ ਸਭਾ ਨੂੰ ਭੇਜੇ ਧੰਨਵਾਦੀ ਜਵਾਬ ਵਿਚ ਸਿੱਖ ਕੌਮ ਦੇ ਵੱਡਮੁੱਲੇ ਯੋਗਦਾਨ ਨੂੰ ਮਾਨਤਾ ਦਿੰਦਿਆਂ ਪ੍ਰਸੰਸਾ ਕੀਤੀ ਗਈ ਹੈ।

# HUSTINGS

Recognising the Sabha's prominent role as a key stakeholder in the Southall community, the initiative was taken to organise a hustings event for the parliamentary candidates during the recent general election. The event was well-attended, with 110 people registered to attend, and nearly all candidates participating and engaging in a robust dialogue with local residents. Hosted and chaired by the Sabha, the event provided a vital platform for our community to voice their concerns and hear directly from those seeking to represent them.

Following the election, Deidre Costigan emerged victorious and has since committed to collaborating with the Sabha to enhance the well-being of our community. She has already taken action by raising the issue of anti-social behavior around the Guru Nanak Road Gurdwara in Parliament.

In recognition of this significant political milestone, the Sabha also extended its congratulations to Sir Keir Starmer on forming a new government. The Sabha was pleased to receive a response from the Prime Minister's Office, acknowledging and appreciating the valuable contributions of the Sikh community.





SGSSS had great feedback regarding the Ealing Southall Hustings that took place last week at Norwood Hall

**10 DOWNING STREET**
LONDON SW1A 2AA
www.gov.uk/number10

Head of the Direct Communications Unit

**28 August 2024**

Dear Mr Singh Sohi,

I am writing on behalf of the Prime Minister to thank you for your letter of 5 July, on behalf of Gurdwara Sri Guru Singh Sabha Southall. The Prime Minister appreciates your kind and thoughtful words.

On the steps of Downing Street, the Prime Minister committed to leading a mission-driven Government which pursues change for the benefit of society. He has been clear on the first steps towards achieving this, and the Government is working at pace to deliver for the whole country. The Prime Minister wishes to pass on his thanks to Britain's Sikh community for everything they do. He recognises the contribution of our faith communities and looks forward to working with them in the weeks and months ahead to deliver on the country's priorities.

Thank you, once again, for taking the time to write.

# ਹੈਮਪਟਨ ਕੋਰਟ ਪੈਲੇਸ

ਬੀਤੇ 20 ਅਗਸਤ, ਦਿਨ ਮੰਗਲਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਲੋਂ ਹੈਮਪਟਨ ਕੋਰਟ ਪੈਲੇਸ ਦੀ ਵਿਰਾਸਤੀ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਇਸ ਯਾਤਰਾ ਦੌਰਾਨ ਸਾਡੇ ਭਾਈਚਾਰੇ ਦੇ ਮੈਂਬਰਾਂ ਨੇ ਪੈਲੇਸ ਵਿਚ ਭਾਰਤੀ ਫੌਜ ਦੇ ਕੈਂਪਾਂ ਅੰਦਰ ਸਿੱਖਾਂ ਦੇ ਸ਼ਾਨਾਮੱਤੇ ਇਤਿਹਾਸ ਅਤੇ ਲਾਹੌਰ ਦੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੇ ਜੀਵਨ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ।

ਨੌਰਵੁੱਡ ਹਾਲ ਤੋਂ ਆਰੰਭ ਹੋਈ ਇਸ ਯਾਤਰਾ ਵਿਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ 70 ਜਣਿਆਂ ਨੇ ਹਿੱਸਾ ਲਿਆ। ਇਸ ਦੌਰਾਨ ਭਾਈਚਾਰੇ ਦੇ ਮੈਂਬਰਾਂ ਨੇ ਹੈਮਪਟਨ ਕੋਰਟ ਪੈਲੇਸ ਵਿਚ ਇਤਿਹਾਸਕ ਪ੍ਰਦਰਸ਼ਨੀਆਂ ਵੇਖਣ ਦੇ ਨਾਲ-ਨਾਲ ਮਨਪ੍ਰਚਾਵਾ ਅਤੇ ਹਾਸਾ-ਠੱਠਾ ਵੀ ਕੀਤਾ।





# HAMPTON COURT PALACE

On Tuesday, 20th August, Sri Guru Singh Sabha Southall organised a remarkable heritage trip to Hampton Court Palace. The event offered our community members a unique opportunity to delve into the rich history of Sikhs in the Indian Army Camps at the palace and learn about the life of Princess Sophia Duleep Singh of Lahore.

The day began with 70 attendees, spanning various age groups from young children to elderly members, gathered at Norwood Hall. From there, we embarked on a journey to Hampton Court Palace, arriving at the Clore Learning Centre where we were warmly welcomed.

The heart of our visit centered around an informative and engaging presentation by the Little History of the Sikhs team. Their dedication to meticulously curating the exhibition on Sikh soldiers at Hampton Court Palace was evident, providing our group with invaluable insights into this often-overlooked aspect of history. The presentation was timed perfectly to coincide with the upcoming 76th death anniversary of Sophia Duleep Singh, adding poignancy to our learning experience.

Following the enlightening talk, we were treated to a captivating outdoor theatre production focusing on the relationship of Sophia Duleep Singh and Queen Victoria. The performance was a visual delight, with actors adorned in beautiful period costumes that brought the historical narrative to life. This creative approach to storytelling deeply resonated with our group and made the historical figures and events more relatable.


The afternoon allowed for exploration of the palace grounds, including visits to Faraday House, the former residence of Princess Sophia Duleep Singh. Our group also had the opportunity to view the Indian Army at the Palace Exhibition. The palace's stunning gardens and intricate maze provided a beautiful backdrop for reflection and discussion among our members.

# ਮਹਾਰਾਜਾ ਰਣਜੀਤ ਸਿੰਘ ਬਾਰੇ ਪਰਦਰਸ਼ਨੀ

ਲੰਡਨਦੇ ਅਜਾਇਬ ਘਰ ਵਿੱਚ ਮਹਾਰਾਜਾਰਣਜੀਤ ਸਿੰਘ ਦੀ ਯਾਦਵਿੱਚ ਲੱਗੀ ਪਰਦਰਸ਼ਨੀ ਨੂੰਸਿੰਘ ਸਭਾ ਨੇ ਸਹਾਇਤਾਪਰਦਾਨ ਕੀਤੀ ਤਾਂ ਕਿਸਾਡੇ ਮਹਾਨ ਰਾਜੇ ਦੇਜੀਵਨ ਤੇ ਲੱਗੀ ਪਰਦਰਸ਼ਨੀਨੂੰ ਲੋਕ ਦੇਖ ਸਕਣ।ਸਿੰਘ ਸਭਾ ਵੱਲੋਂ ਇਸਕਾਰਜ ਲਈ 10 ਹਜਾਰ ਪੌਂਡ ਦਾਨਕੀਤੇ ਗਏ।

ਇਸ ਪਰਦਰਸ਼ਨੀ ਵਿੱਚ ਮਹਾਰਾਜਾ ਰਣਜੀਤਸਿੰਘ ਦੀ ਲੀਡਰਸ਼ਿੱਪ ਉਸਦੀਫੌਜੀ ਯੋਗਤਾ ਅਤੇ ਉਸਦੀਆਂ ਨੀਤੀਆਂਦੀ ਭਰਪੂਰ ਪਰਦਰਸ਼ਨੀ ਕੀਤੀ ਜਾਵੇਗੀ। ਉਨ੍ਹਾਂਦੇ ਰਾਜ ਵੇਲੇ ਦੀਆਂਲਿਖਤਾਂ, ਕਲਾ ਕਿਰਤਾਂ ਹਥਿਆਰਅਤੇ ਸਿੱਖਾਂ ਦੀਆਂ ਪੌਸ਼ਾਕਾਂ ਨੂੰਇੱਥੇ ਪਰਦਰਸ਼ਿਤ ਕੀਤਾ ਜਾਵੇਗਾ।

ਆਰਥਕ ਸਹਾਇਤਾ ਤੋਂ ਬਿਨਾ ਸਿੰਘਸਭਾ ਸੰਗਤਾਂ ਨੂੰ ਉਥੇ ਜਾਣਲਈ ਵੀ ਪਰੇਰਿਤ ਕਰੇਗੀਤਾਂ ਕਿ ਅਸੀਂ ਆਪਣੇਮਹਾਨ ਇਤਿਹਾਸ ਤੋਂ ਵਾਕਿਫ ਹੋਸਕੀਏ।




# MAHARAJA RANJIT SINGH EXHIBITION

The Sabha is proud to announce its support for the upcoming exhibition, "Ranjit Singh: Sikh Warrior King," at The Wallace Collection in London. The Sabha has agreed to generously donate £10,000 to this significant exhibition, which honours the legacy of Maharaja Ranjit Singh, one of the most influential figures in Sikh history.

This unique exhibition will offer an in-depth exploration of Maharaja Ranjit Singh's life, his impact on the Sikh Empire, and his enduring legacy. It brings together rare artefacts, artworks, and historical documents that narrate the story of a leader who not only united the Sikh community but also forged an empire known for its military prowess, cultural richness, and religious tolerance.

In addition to the financial contribution, the Sabha is delighted to arrange a special visit to the exhibition for the Sangat. This will provide a valuable opportunity for members of our community to engage with their heritage and deepen their understanding of Sikh history. This follows the overwhelming positive feedback received from the Hampton Court Palace trip.

The Sabha remains committed to promoting cultural awareness and education, and this partnership with The Wallace Collection is a reflection of our dedication to preserving and sharing Sikh history with the wider community.

For more information about the exhibition and the planned visit for the Sangat, please contact kiran@sgsss.org.

# ਗੰਨਰਸਬਰੀ ਪਾਰਕ ਅਤੇ ਮਿਊਜ਼ੀਅਮ ਫੋਟੋਗਰਾਫੀ

ਗੰਨਰਸਬਰੀ ਪਾਰਕ ਮਿਊਜ਼ੀਅਮ ਦੇ ਸਹਿਯੋਗ ਨਾਲਸਿੰਘ ਸਭਾ ਨੇ ਇੱਕਫੋਟੋਗਰਾਫੀ ਸਮਾਗਮ ਦਾ ਆਯੋਜਨ ਕੀਤਾ।ਇਸ ਵਰਕਸ਼ਾਪ ਨੂੰ ਸਾਡੇ ਪਰਸਿੱਧਫੋਟੋਗਰਾਫਰ ਅਤੇ ਸਭਾ ਦੇਮੈਂਬਰ ਨਿਰਵੀਰ ਸਿੰਘ ਨੇ ਲੀਡਕੀਤਾ। ਨਿਰਵੀਰ ਦੀ ਕਲਾ ਕਿਰਤੀਆਂਅਤੇ ਕੁਦਰਤ ਨਾਲ ਪਰੇਮ ਦੀਭਾਵਨਾ ਨੇ ਹੀ ਮੇਲਗੇਲ ਗਰੁੱਪ ਅਤੇ ਹੋਰ ਸਮਾਜਕਸਰਗਰਮੀਆਂ ਕਰਵਾਉਣ ਲਈ ਵਿਸ਼ੇਸ਼ ਯੋਗਦਾਨਪਾਇਆ।

ਵਰਕਸ਼ਾਪ ਸਭਾ ਦੀ ਪਰਜੈਕਟ ਮੈਨੇਜਰਕਿਰਨ ਦੀ ਦੇਖਰੇਖ ਹੇਠਚਲਾਈ ਗਈ। ਇਸ ਵਰਕਸ਼ਾਪਦੌਰਾਨ ਡੈਨਿਸ ਮੋਰਿਸ ਨੂੰ ਯਾਦ ਕੀਤਾਗਿਆ ਜਿਸਨੇ 1970 ਵਿੱਚ ਪੰਜਾਬੀ ਭਾਈਚਾਰੇਬਾਰੇ ਫੋਟੋਗਰਾਫੀ ਕੀਤੀ ਸੀ। ਇਸਵਰਕਸ਼ਾਪ ਵਿੱਚ ਨੌਜਵਾਨਾਂ ਨੇਹਿੱਸਾ ਲਿਆ ਅਤੇ ਸਿੱਖਭਾਈਚਾਰੇ ਦੀ ਏਕਤਾ ਇੱਕਮੁੱਠਤਾਨੂੰ ਉਜਾਗਰ ਕੀਤਾ। ਆਪਣੀ ਪਹਿਚਾਣ ਅਤੇਆਪਣੇ ਘਰ ਦਾ ਸੰਕਲਪ ਇਸ ਵਿਚੋਂ ਖੋਜਿਆ ਗਿਆ।

# GUNNERSBURY PARK & MUSEUM PHOTOGRAPHY

In collaboration with Gunnersbury Park Museum, the Sabha successfully conducted a photography workshop titled 'Figuring Out Home'. The workshop was led by Narvir Singh, an accomplished artist and dedicated Sabha volunteer and sevadaar.

Narvir's expertise and passion were instrumental in guiding participants from various community groups, including Mael Gael at Norwood Hall, through a journey of self-discovery. Using poetry as a reflective tool, Narvir introduced participants to the art of photography, teaching them how to use manual controls on DSLR cameras to capture meaningful images.

The workshop was meticulously organised by Kiran, the Sabha's project manager, who ensured a professional and supportive environment. This enabled participants to fully immerse themselves in the creative process and produce work that truly resonated with the workshop's theme.

The project, Figuring Out Home, draws inspiration from the work of Dennis Morris, who famously photographed the Punjabi community in Southall during the 1970s. This workshop invited participants to reflect on their own experiences and what it means to build a home in a new place. The photographs and poetry created during the workshop contribute to a broader exploration of this theme.

The resulting work was showcased in two significant pop-up exhibitions. The first, held at Feltham Hub, was part of the Feltham Arts Festival 2024. The second was an outdoor exhibition in Southall Park on 22nd July, where the community came together to celebrate the creativity and reflections of the participants.

This workshop and the resulting exhibitions have been an inspiring testament to the power of art in fostering community connections and exploring identity, heritage, and the concept of home.

12

participants
aged 17 - 70

# GUNNERSBURY PARK & MUSEUM PHOTOGRAPHY WORKSHOP

















Photos from the workshop

# ਪਾਰਲੀਮੈਂਟ ਵਿਚ ਵਿਸਾਖੀ

ਸਭਾ ਦੇ ਵਿਸ਼ੇਸ਼ ਯਤਨਾਂ ਨਾਲ ਇਸ ਸਾਲ ਬਰਤਾਨਵੀ ਸਪੀਕਰ ਦੇ ਚੈਂਬਰ ਵਿੱਚ ਵਿਸਾਖੀ ਪੁਰਬ ਮਨਾਇਆ ਗਿਆ।ਮਲਟੀ ਫੇਥ ਨੈਟਵਰਕ ਅਤੇ ਬ੍ਰਿਟਿਸ਼ ਸਿੱਖ ਕੰਸੌਲੇਟਿਵ ਫੋਰਮ ਦੇ ਸਹਿਯੋਗ ਨਾਲ ਇਹ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਲਗਭਗ 90 ਸਿੱਜਖ ਸੰਸਥਾਵਾਂ ਅਤੇ ਗੁਰੂਘਰਾਂ ਨੇਸ਼ਿਰਕਤ ਕੀਤੀ। ਇਹ ਬਹੁਤ ਵੱਡਾ ਸਮਾਗਮ ਹੋ ਨਿਬੜਿਆ। ਇਹ ਸਮਾਗਮ ਗੁਰੂ ਖਾਲਸਾ ਪੰਥਦੇ ਪਰਗਟ ਦਿਵਸ ਦੀ ਮਹਾਨਤਾ ਨੂੰ ਦਰਸਾਉਣ ਦਾ ਕਾਰਜ ਹੋ ਨਿਬੜਿਆ।

ਵੁਲਵਰਹੈਪਟਨ ਤੋਂ ਲੇਬਰ ਐਮ ਪੀ, ਪੈਟ ਮੈਕਫੈਡਨ ਨੇ ਇਸ ਸਮਾਗਮ ਲਈ ਵੱਡੀ ਭੂਮਿਕਾ ਨਿਭਾਈ।ਇੱਥੇ ਸਿੰਘ ਸਭਾ ਨੇ ਸਮਾਜ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਚਰਚਾ ਕੀਤੀ ਜਿਸ ਵਿੱਚ ਖਾਲਸਾ ਪਰਾਇਮਰੀ ਸਕੂਲ ਦੀ ਸਥਾਪਨਾ ਅਤੇ ਪਰੋਫੈਸਰ ਗੁਰਮੁਖ ਸਿੰਘ ਲਾਇਬਰੇਰੀ ਦੀ ਸਥਾਪਨਾ ਦਾ ਵਿਸ਼ੇਸ਼ ਜਿਕਰ ਕੀਤਾ ਗਿਆ।

ਸਿੱਖ ਹਿਊਮਨ ਰਾਈਟਸ ਗਰੁੱਪ ਰਾਹੀਂ ਸਭਾ ਨੂੰ ਯੂ-ਐਨ-ਓ ਤੱਕ ਲੈਕੇ ਜਾਣ ਦਾ ਜਿਕਰ ਵੀ ਇੱਥੇ ਹੋਇਆ।

# VAISAKHI AT PARLIAMENT

The Sabha played a significant role in organising and delivering the event at the Speaker's House in Parliament. This event, held in collaboration with the Multifaith Network and the British Sikh Consultative Forum, brought together over 90 Sikh organisations and Gurdwaras, making it the largest Sikh gathering in Westminster. Organised to celebrate Vaisakhi, his gathering was a momentous occasion, highlighting the profound significance of Vaisakhi for Sikhs worldwide and honouring the establishment of the Guru Khalsa Panth.

Pat McFadden, the Labour MP for Wolverhampton South East, along with others, supported the event. The Sabha highlighted its ongoing contributions to society, including the achievements of Khalsa Primary School and the establishment of the world's first Sikh children's library, the Prof Gurmukh Library, which was created in response to the challenges posed by the cost of living crisis and the closure of local libraries.

The Sabha's role as a leading religious organisation was also recognised, particularly for pioneering SEND classes, which were supported by the Sikh Human Rights Group and acknowledged at the United Nations.





# ਲੈਂਬਥ ਪਲੇਸ ਵਿੱਚ ਸਿੱਖ

ਸਿੰਘ ਸਭਾ ਦੇ ਮੈਂਬਰ ਕੁਝ ਸਮਾਂ ਪਹਿਲਾਂ ਕੈਂਟਰਬਰੀ ਦੇ ਆਰਕ ਬਿਸ਼ਪ ਨੂੰ ਲੈਂਬਥ ਪਲੇਸ ਵਿੱਚ ਮਿਲੇ।ਇਸ ਮਿਲਣੀ ਦੌਰਾਨ ਸਿੱਖਾਂ ਦੀਆਂ ਸਫਲਤਾਵਾਂ, ਖੁਸ਼ਆਂਅਿਤੇ ਕੁਝ ਤਕਲੀਫਾਂ ਸਾਂਝੀਆਂ ਕੀਤੀਆਂ ਗਈਆਂ। ਆਰਕਬਿਸ਼ਪ ਖੁਦ ਗੁਰੂਘਰ ਆਏ ਸਨ, ਦਰਬਾਰ ਸਾਹਿਬ ਦੀ ਯਾਤਰਾ ਤੋਂ ਪਹਿਲਾਂ। ਉਸ ਮਿਲਣੀ ਦੌਰਾਨ ਹੋਏ ਵਿਚਾਰ ਤੋਂ ਬਾਅਦ ਆਰਕਬਿਸ਼ਪ ਬਿਸ਼ਪ ਨੇ ਜੱਲ੍ਹਿਆਂਵਾਲਾਬਾਗ ਦੇ ਸਾਕੇ ਦੀ ਮੁਆਫੀ ਮੰਗੀ ਸੀ।

# SIKHS AT LAMBETH PALACE

Members of the Sabha met with the Archbishop of Canterbury at Lambeth Palace, alongside other Sikh groups from across the UK. This gathering provided an opportunity to discuss and address the joys and concerns of the Sikh community in Britain.

The Archbishop, previously visited the Guru Nanak Road Gurdwara before his official trip to Amritsar, were we covered some historic issues, during that trip in 2019 he took opportunity to formally apologise for the Jallianwala Bagh massacre.



# ਗੁਰੂ ਨਾਨਕ ਰੋਡ ਉੱਤੇ ਸਮਾਜ ਵਿਰੋਧੀ ਵਤੀਰਾ

ਪਿਛਲੇ ਕੁਝ ਮਹੀਨਿਆਂ ਤੋਂ ਕਿੰਗ ਸਟਰੀਟਅਤੇ ਗੁਰੂ ਨਾਨਕ ਰੋਡ ਉੱਤੇ ਸਮਾਜ ਵਿਰੋਧੀ ਕਾਰਵਾਈਆਂ ਦੇ ਵਧਣ ਦੀ ਰਿਪੋਰਟ ਹੈ। ਸੰਗਤ ਦੇ ਕਈ ਮੈਂਬਰਾਂ ਤੇ ਹਮਲੇ ਹੋਏ ਉਨ੍ਹਾਂ ਨੂੰ ਤੰਗ ਕੀਤਾ ਗਿਆ ਅਤੇ ਕੁਝ ਨੂੰ ਲੁਟਿਆ ਵੀ ਗਿਆ। ਇਸ ਇਲਾਕੇ ਵਿੱਚ ਨਸ਼ਿਆਂ ਦਾ ਧੰਦਾ ਵੀ ਵੱਡੀ ਪੱਧਰ ਉੱਤੇ ਚੱਲ ਰਿਹਾ ਹੈ।

24 ਘੰਟੇ ਚੱਲਣ ਵਾਲਾ ਕੈਸੀਨੋ ਇਸ ਕਿਸਮ ਦੀਆਂ ਸਮਾਜ ਵਿਰੋਧੀ ਕਾਰਵਾਈਆਂ ਨੂੰ ਵਧਾਉਣ ਦਾ ਕਾਰਜ ਕਰ ਰਿਹਾ ਹੈ।ਸਥਿਤੀ ਦੀ ਨਜ਼ਾਕਤ ਨੂੰ ਸਮਝਦਿਆਂ ਕਮੇਟੀ ਨੇ ਆਪਣੇ ਸੁਰੱਖਿਆ ਕਰਮਚਾਰੀਆਂ ਅਤੇ ਸੇਵਾਦਾਰਾਂ ਨੂੰ ਨਿਰੰਤਰ ਪਹਿਰੇਦਾਰੀ ਕਰਨ ਦੀ ਜਿੰਮੇਵਾਰੀ ਦਿੱਤੀ ਹੈ ਤਾਂ ਕਿ ਸੰਗਤ ਨੂੰ ਸੁਰੱਖਿਅਤ ਕੀਤਾ ਜਾ ਸਕੇ। ਕੁਝ ਦਿਨਾਂ ਦੀ ਸਰਗਰਮੀ ਤੋਂ ਬਾਅਦ ਹੀ ਅਸੀਂ ਉੱਥੋਂ ਸਮਾਜ ਵਿਰੋਧੀ ਅਨਸਰਾਂ ਨੂੰ ਖਦੇੜ ਦੇਣ ਵਿੱਚਕਾਮਯਾਬ ਹੋ ਗਏ। ਅਸੀਂ ਇਸ ਲਈ ਕੌਂਸਲ ਅਤੇ ਪੁਲਿਸ ਨਾਲ ਗੱਲ ਕਰ ਰਹੇ ਹਾਂ ਤਾਂ ਕਿ ਸਮਾਜ ਵਿਰੋਧੀ ਸਰਗਰਮੀਆਂ ਰੁਕ ਸਕਣ।



# ANTI-SOCIAL BEHAVIOUR ON GURU NANAK ROAD

Over the last few months, there has been a significant increase in anti-social behaviour on King Street and Guru Nanak Road. This has resulted in members of the sangat being attacked, robbed, and harassed. The area has become known as an open drug market, with a significant number of drug users openly purchasing and consuming substances, often resorting to crime to fund their habits.

The presence of a 24-hour casino on the road has been attracting a substantial number of drug users, exacerbating the problem. Recognising the impact this was having on our community, the committee has worked with sevadars and engaged external security guards to provide regular patrols and a permanent deterrent to the anti-social elements.

Within a few days, we have been able to drive away those responsible for the anti-social behaviour, making the area safer for our sangat. It is unfortunate that we have to deploy charitable funds to tackle what is essentially a public disorder problem. We are actively working with the police and council to find a sustainable solution and ensure Southall receives its fair share of investment in policing.

For the foreseeable future, we will retain enhanced security across our Gurdwaras, especially in light of the recent race riots taking place across the country. We ask the sangat to remain vigilant and report any issues they come across in the area.

If you see a crime taking place, please call 999. You can also report incidents via Street Safe:
www.police.uk/pu/notices/streetsafe/street-safe.

I would like to pay special tribute to Bhai Harjit Singh who has organised additional teams of sevadars to protect to Sangat.

# ਸਿੰਘ ਸਭਾ ਨੇ ਬੀ ਬੀ ਸੀ ਉੱਤੇ ਵੀ ਤਰਜਮਾਨੀ ਕੀਤੀ

ਇਸ ਸਾਲ ਸਿੰਘ ਸਭਾ  ਯੂਥ ਮੈਂਬਰ ਹਰਵਿੰਦਰ ਸਿੰਘ ਨੇ ਬੀਬੀਸੀ ਦੇ ਰੇਲ ਵੇ ਯਾਤਰਾ ਪਰੋਗਰਾਮ ਵਿੱਚ ਸ਼ਿਰਕਤ ਕੀਤੀ।ਮਾਈਕਲ ਪੋਰਟੀਲੋ ਵੱਲੋਂ ਬਣਾਈ ਗਈ ਰੇਲਵੇ ਬਾਰੇ ਦਸਤਾਵੇਜ਼ੀ ਵਿੱਚ ਹਰਵਿੰਦਰ ਸਿੰਘ ਨੇ ਸਭਾ ਦੀ ਪ੍ਰਤੀਨਿਧਤਾ ਕੀਤੀ। ਉਨ੍ਹਾਂ ਨੇ ਪੰਜਾਬ ਦੇ ਵਲੈਤ ਵਿੱਚ ਪਰਵਾਸ ਅਤੇ ਗੁਰੂਘਰਾਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ।

ਪਰੋਗਰਾਮ ਵਿੱਚ ਸਿੰਘ ਸਭਾ ਸਾਊਥਾਲ ਨੂੰ ਸਾਡੀ ਕੌਮ ਦੇ ਕੇਂਦਰ ਵੱਜੋਂ ਦਰਸਾਇਆ ਗਿਆ ਅਤੇ ਸਿੱਖਾਂ ਦੀ ਸੰਗਤ ਅਤੇ ਪੰਗਤ ਦੀ ਰਵਾਇਤ ਬਾਰੇ ਚਾਨਣਾਂ ਪਾਇਆ ਗਿਆ। ਹਰਵਿੰਦਰ ਸਿੰਘ, ਸਿੰਘ ਸਭਾ ਸਾਊਥਾਲ ਦਾ ਬਹੁਤ ਲੰਬੇ ਸਮੇਂ ਤੋਂ ਸਰਗਰਮ ਮੈਂਬਰ ਹੈ ਅਤੇ ਉਹ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਯਤਨਸ਼ੀਲ ਹੈ।

ਬੀਬੀਸੀ ਦੇ ਇਸ ਪਰੋਗਰਾਮ ਤੋਂ ਸਪਸ਼ਟ ਹੁੰਦਾ ਹੈ ਕਿ ਸਿੰਘ ਸਭਾ ਨੂੰ ਸਿੱਖ ਕੇਂਦਰ ਵੱਜੋਂ ਦੇਖਿਆ ਜਾਂਦਾ ਹੈ।


# FEATURE ON BBC'S "GREAT BRITISH RAILWAY JOURNEYS"

This year, Singh Sabha Southall and the Southall Sikh community were highlighted on the BBC show "Great British Railway Journeys." In the episode, host Michael Portillo was guided through Southall by a our Sabha member Harwinder Singh, who shared the history of Punjabi migration and the significance of our Gurdwaras.

The episode showcased our Gurdwara as a central hub for the Sikh community, emphasising its role in preserving traditions like Pangat (community kitchen) and Sangat (congregation).

Singh Sabha Southall has been a constant presence in Harwinder's life, now serving as a place where he introduces his daughter to our rich heritage. While recognizing the challenges faced by any community, the episode celebrated the pride Sikhs take in Southall, reflecting the strength and achievements of our community.

This feature is a testament to Singh Sabha Gurdwara's importance and a celebration of our collective history and ongoing contributions to Southall.






# ਸਾਡੇ ਸਹਿਯੋਗੀ PARTNERS

ਸਿੰਘ ਸਭਾ ਸਾਊਥਾਲ ਨਾਲ ਕੁਝ ਜਥੇਬੰਦੀਆਂ ਸਹਿਯੋਗ ਕਰ ਰਹੀਆਂ ਹਨ ਜੋ ਸਭਾ ਨੂੰ ਹਰ ਕਿਸਮ ਦਾ ਸਹਿਯੋਗ ਪਰਦਾਨ ਕਰਦੀਆਂ ਹਨ ਤਾਂ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਹੋਏ ਵਿਚਾਰਾਂ ਅਤੇ ਵਿਚਾਰਧਾਰਾ ਨੂੰ ਸੰਗਤ ਤੱਕ ਪਹੁੰਚਾਇਆ ਜਾ ਸਕੇ। ਸਿੱਖ ਧਰਮ ਦੇ ਰੂਹਾਨੀ, ਸੱਭਿਆਚਾਰਕ ਅਤੇ ਇਤਿਹਾਸਕ ਵਿਰਸੇ ਨੂੰ ਸੰਭਾਲਣ ਲਈ ਇਹ ਸੰਸਥਾਵਾਂ ਸਭਾ ਨਾਲ ਜੁੜੀਆਂ ਹੋਈਆਂ ਹਨ।

The Sabha has a number of partnerships that provide unique and specialist services essential to the Sabha's operations and needs of the Sangat and members, that align with the Sabha's objectives, preserve the ideology of the Guru, promote Sikhi, its cultural and spiritual heritage, and the principles of the Dharam. Notable updates and achievements from selected partners are included.

mael gael multicultural community project

shrg SIKH HUMAN RIGHTS GROUP

SOUTH ASIA BIOBANK

AASRA WELFARE Passion For Help

SIKH MATRIMONIAL service

# ਸਿੱਖ ਹਿਊਮਨ ਰਾਈਟ ਸ ਗਰੁੱਪ

**ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਕਾਨਫਰੰਸ**

ਸਿੰਘ ਸਭਾ ਦੇ ਸਹਿਯੋਗ ਨਾਲ ਚੱਲ ਰਹੇ ਸਿੱਖ ਹਿਊਮਨ ਰਾਈਟਸ ਗਰੁੱਪ ਨੇ ਮਨੁੱਖੀ ਹੱਕਾਂ ਦੇ ਖੇਤਰ ਵਿੱਚ ਦੁਨੀਆਂ ਭਰ ਵਿੱਚ ਸਰਗਮੀਆਂ ਕੀਤੀਆਂ ਹਨ। ਦੁਬਈ ਵਿੱਚ ਹੋਏ ਵਾਤਾਵਰਨ ਤਬਦੀਲੀ ਦੇ ਸੰਮੇਲਨ ਵਿੱਚ ਸਿੱਖ ਹਿਊਮਨ ਰਾਈਟਸ ਗਰੁੱਪ ਨੇ ਇਸ ਸੰਸਾਰ ਵਿਆਪੀ ਸਰਗਰਮੀ ਵਿੱਚ ਘੱਟ ਗਿਣਤੀਆਂ ਨੂੰ ਵੀ ਸ਼ਾਮਲ ਕਰਨ ਦੀ ਗੱਲ ਉਠਾਈ। ਸਿੱਖ ਹਿਊਮਨ ਰਾਈਟਸ ਗਰੁੱਪ ਵਾਤਾਵਰਨ ਤਬਦੀਲੀ ਦੇ ਗਰੀਬ ਅਤੇ ਬੇਸਹਾਰਾ ਲੋਕਾਂ ਉੱਤੇ ਪੈਣ ਵਾਲੇ ਅਸਰਾਂ ਨੂੰ ਵੀ ਕੌਮਾਂਤਰੀ ਤੌਰ ਤੇ ਉਠਾ ਰਿਹਾ ਹੈ।

ਇਸੇ ਨੀਤੀ  ਗਰੁੱਪ ਨੇ ਵਾਤਾਵਰਨ ਦੀ ਤਬਦੀਲੀ ਦੇ ਮੁੱਦੇ ਨੂੰ ਸਮਾਜਕ ਨਿਆਂ ਨਾਲ ਜੋੜਿਆ ਹੈ ਤਾਂ ਕੇ ਘੱਟ ਗਿਣਤੀਆਂ ਅਤੇ ਬੇਸਹਾਰਾ ਕੌਮਾਂ ਦੀ ਬਾਂਹ ਫੜੀ ਜਾ ਸਕੇ। ਇਸ ਗਰੁੱਪ ਦਾ ਕੰਮ ਸੰਸਾਰ ਪੱਧਰ ਉੱਤੇ ਸਿੱਖ ਕੌਮ ਦੀਆਂ ਕਦਰਾਂ ਕੀਮਤਾਂ ਨੂੰ ਪਰਸਾਰਨ ਦੇ ਕਾਰਜ ਕਰ ਰਿਹਾ ਹੈ। ਅਜ਼ਰਬਾਈਜਾਨ ਵਿੱਚ ਹੋਣ ਵਾਲੇ ਅਗਲੇ ਸੰਮੇਲਨ ਲਈ ਵੀ ਸਭਾ ਨੇ ਅਰਜ਼ੀ ਦਾਖਲ ਕੀਤੀ ਹੈ ਜਿਹੜੀ ਮਨਜ਼ੂਰ ਹੋ ਗਈ ਹੈ।ਸਭਾ ਵੱਲੋਂ ਦੋ ਪ੍ਰਤੀ ਨਿਧੀ ਉੱਥੇ ਜਾਣਗੇ।

# SIKH HUMAN RIGHTS GROUP

**UN Climate Change Conference (COP)**

The Sikh Human Rights Group (SHRG), supported by the Sabha, has been actively engaged in various global initiatives with a focus on climate action and human rights. Their recent work includes significant participation in international forums like COP28, which was held in Dubai, where they advocated for the inclusion of diverse perspectives, particularly those from minority and indigenous communities, in climate policies. SHRG has also been involved in raising awareness about the impact of climate change on vulnerable populations and promoting sustainable development practices that align with human rights principles.

Through their efforts, SHRG has highlighted the intersection of environmental issues with social justice, aiming to influence global policies to better protect the rights of marginalised communities. Their work continues to reflect the values of the Sikh Panth in promoting justice, equality, and environmental stewardship on a global stage.

The Sabha recently had a call out to send a candidate to COP 29 in Azerbaijan, which proved so successful that there were two successful applications which we are hoping to send to represent the Sikh Panth on behalf of the Sabha.






### ਸਿੰਘ ਸਭਾ ਸਾਊਥਾਲ ਯੂ ਐਨ ਵਿੱਚ

3 ਅਪਰੈਲ 2024 ਨੂੰ ਤਿਰਨ ਸਿੰਘ ਨੇ ਸਿੰਘ ਸਭਾ ਸਾਊਥਾਲ ਅਤੇ ਸਿੱਖ ਹਿਊਮਨ ਰਾਈਟਸ ਗਰੁੱਪ ਵੱਲੋਂ ਜਨੇਵਾ ਵਿੱਚ ਆਪਣੇ ਵਿਚਾਰ ਰੱਖੇ। ਉਨ੍ਹਾਂ ਨੇ ਯੂ-ਐਨ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਜਾਂਦੀ ਸਹਾਇਤਾ ਦੀ ਸ਼ਲਾਘਾ ਕੀਤੀ।ਤਿਰਨ ਸਿੰਘ ਨੇ ਪਾਰਦਰਸ਼ਿਤਾ ਦੀ ਮੰਗ ਕਰਦਿਆਂ ਆਖਿਆ ਕਿ ਰਾਜਨੀਤਿਕ, ਸਮਾਜਕ ਅਤੇ ਸੱਭਿਅਤਾ ਦੀਆਂ ਮਾਨਤਾਵਾਂ ਬਾਰੇ ਵੀ ਪਾਰਦਰਸ਼ਤਾ ਰੱਖੀ ਜਾਵੇ ਤਾਂ ਕਿ ਮਨੁੱਖੀ ਹੱਕਾਂ ਦੇ ਕਾਰਜ ਵਧੀਆ ਢੰਗ ਨਾਲ ਹੋ ਸਕਣ।ਉਨ੍ਹਾਂ ਨੇ ਮਨੁੱਖੀ ਹੱਕਾਂ ਦੇ ਐਲਾਨ ਨਾਮੇ ਦੀ ਧਾਰਾ 7 ਦਾ ਹਵਾਲਾ ਦੇਂਦਿਆਂ ਆਖਿਆ ਕਿ ਸਾਨੂੰ ਯੂਕੇ ਅਤੇ ਕਨੇਡਾ ਵਰਗੀਆਂ ਨੀਤੀਆਂ ਅਪਨਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਨੇ ਪੱਖ ਪਾਤ ਨੂੰ ਖਤਮ ਕਰਕੇ ਮਨੁੱਖੀ ਹੱਕਾਂ ਦਾ ਝੰਡਾ ਬੁਲੰਦ ਕੀਤਾ।

### Singh Sabha Southall at UN

On April 3, 2024, Tiran Singh, representing the Sabha , delivered a significant speech at the United Nations in Geneva, speaking on behalf of the SHRG. He lauded the efforts of the OHCHR and the Fund for Technical Assistance in their work towards global human rights compliance. Singh brought attention to the 2017 Resolution A/HRC/RES/36/28, emphasising the importance of sharing challenges in promoting human rights.

Urging the OHCHR for transparency, Singh called for the disclosure of various factors, including cultural, civilisational, and political, that affect the adoption of human rights technical assistance. This transparency, he argued, is crucial for understanding the global landscape of human rights amid increasing violations and debates that criticise human rights as a form of Occidental neocolonialism.

Titan also emphasised the value of observing best practices in human rights, as outlined in Article 7. He cited the UK and Canada as examples of countries with proactive policies that have effectively combated discrimination and human rights abuses. Proposing these nations as models, he advocated for their approaches to be considered in a potential UN Declaration on Diversity, aiming to enhance human rights and diversity inclusion across the globe.





# ਆਸਰਾ

ਪਿਛਲੇ 6 ਮਹੀਨਿਆਂ ਦੌਰਾਨ ਆਸਰਾ ਨੇ ਬਹੁਤ ਸਾਰੇ ਪੰਜਾਬੀ ਪਿਛੋਕੜ ਵਾਲੇ ਪਰਿਵਾਰਾਂ ਦੀ ਮਦਦ ਕੀਤੀ ਹੈ।

1.**ਕਾਲਾਂ**: ਆਸਰਾ ਨੂੰ ਇਸ ਸਮੇਂ ਦੌਰਾਨ ਸਹਾਇਤਾ ਲਈ 295 ਕਾਲਾਂ ਆਈਆਂ ਜਿਨ੍ਹਾਂ ਦੇ ਮਸਲੇ ਸਮਝ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਗਈ।

2.**ਘਰੇਲੂ ਹਿੰਸਾ ਦੇ ਕੇਸ**: ਆਸਰਾ ਨੂੰ 89 ਕਾਲਾਂ ਘਰੇਲੂ ਹਿੰਸਾ ਤੋਂ ਪੀੜਤ ਵਿਅਕਤੀਆਂ ਦੀਆਂ ਸਹਾਇਤਾ ਕੀਤੀ ਗਈ।

3. **ਇੰਟਰਨੈਸ਼ਨਲ ਵਿਦਿਆਰਥੀਆਂ ਦੀ ਸਹਾਇਤਾ**: ਆਸਰਾ ਨੇ 35 ਇੰਟਰਨੈਸ਼ਨਲ ਵਿਦਿਆਰਥੀਆਂ ਦੀ ਸਹਾਇਤਾ ਉਨ੍ਹਾਂ ਦੀ ਪੜ੍ਹਾਈ ਸਬੰਧੀ ਕੀਤੀ।

4. **ਬਜ਼ੁਰਗਾਂ ਦੀ ਸੇਵਾ**: 15 ਅਜਿਹੇ ਬਜ਼ੁਰਗਾਂ ਦੀ ਸਹਾਇਤਾ ਕੀਤੀ ਗਈ ਜਿਨ੍ਹਾਂ ਨੂੰ ਤੁਰੰਤ ਕੇਅਰ ਦੀ ਲੋੜ ਸੀ।

**ਆਸਰਾ ਦੇ ਕਾਰਜ**

- ਆਸਰਾ ਨੇ ਸ਼ੋਸ਼ਲ ਸਰਵਿਸ ਨਾਲ ਮਿਲ ਕੇ ਇੱਕ ਮਾਂ ਨੂੰ ਆਪਣੇ ਬੱਚਿਆਂ ਨਾਲ ਮਿਲਾਇਆ।
- ਘਰੇਲੂ ਹਿੰਸਾ ਦੇ ਦੋ ਪੀੜਤਾਂ ਨੂੰ ਆਸਰਾ ਦੀ ਸਹਾਇਤਾ ਨਾਲ ਆਰਥਕ ਸਹਾਇਤਾ ਮਿਲੀ।
- ਆਸਰਾ ਨੇ ਹਿਲੰਗਿਟਨ ਕੌਂਸਲ ਦੇ ਸਹਿਯੋਗ ਨਾਲ ਆਪਣੀਆਂ ਸਰਗਰਮੀਆਂ ਵਧਾਉਣ ਦਾ ਯਤਨ ਕੀਤਾ ਹੈ।
- ਘਰੇਲੂ ਹਿੰਸਾ ਦੇ ਦੋ ਦੋਸ਼ੀਆਂ ਨੂੰ ਅਦਾਲਤ ਵਿੱਚ ਮੁਕੱਦਮੇ ਦਾ ਸਾਹਮਣਾਂ ਕਰਨਾ ਪਿਆ।
- ਆਸਰਾ ਨੇ ਇੱਕ ਅਜਿਹੀ ਵਿਆਹੁਤਾ ਨੂੰ ਭਾਰਤ ਤੋਂ ਇੰਗਲੈਂਡ ਲਿਆਂਦਾ ਜਿਸਨੂੰ ਛੱਡ ਦਿੱਤਾ ਗਿਆਸੀ ਉਸਨੂੰ ਹੁਣ ਰਹਿਣ ਦੀ ਇਜਾਜਤ ਵੀ ਮਿਲ ਗਈ ਹੈ।

# AASRA

Over the past six months, Aasra has made significant strides in addressing social issues affecting vulnerable communities, particularly those from Punjabi backgrounds. Here are the key updates:

1. **Calls**: Aasra has received and responded to 295 calls, providing essential support and guidance to individuals in need.

2. **Domestic Violence Support**: The team at Aasra has managed 89 cases of domestic violence, offering critical assistance and helping victims navigate legal and personal challenges.

3. **Support for International Students**: Aasra has provided help in 35 cases involving international students, addressing various issues they face while studying in the UK.

